ਸ.ਫ਼ਾ 1 ਦੀਆਂ ਬਾਕੀਆਂ

ਤਕਨਾਲੋਜੀ ਤੇ ਖਣਿਜਾਂ ਨੂੰ ਰਣਨੀਤਕ ਦਬਾਅ ਦਾ ਸਾਧਨ ਨਾ ਬਣਾਇਆ ਜਾਵੇ : ਮੋਦੀ

ਉਨ੍ਹਾਂ ਉਤੇ ਥੋਪ ਕੇ। 'ਗਲੋਬਲ ਸਾਊਥ' ਸ਼ਬਦ ਆਮ ਤੌਰ 'ਤੇ ਆਰਥਕ ਤੌਰ 'ਤੇ ਘੱਟ ਵਿਕਸਤ ਦੇਸ਼ਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਬ੍ਰਿਕਸ ਦਾ ਸਾਲਾਨਾ ਸਿਖਰ ਸੰਮੇਲਨ, ਜੋ ਕਿ 11 ਪ੍ਰਮੁੱਖ ਉੱਭਰ ਰਹੀਆਂ ਅਰਥਵਿਵਸਥਾਵਾਂ ਦਾ ਸਮੂਹ ਹੈ, ਜੋ ਕਿ ਵਿਸ਼ਵ ਆਬਾਦੀ ਦੇ ਲਗਭਗ 49.5 ਪ੍ਰਤੀਸ਼ਤ ਤੇ ਵਿਸ਼ਵ ਅਰਥਵਿਵਸਥਾ ਦੇ 40 ਪ੍ਰਤੀਸ਼ਤ ਦੀ ਨੁਮਾਇੰਦਗੀ ਕਰਦਾ ਹੈ। ਮੋਦੀ ਨੇ ਕਿਹਾ,"ਸਾਡੇ ਹਾਲਾਤ ਅਤੇ ਹਕੀਕਤ ਵੱਖਰੀ ਹੋ ਸਕਦੀ ਹੈ, ਪਰ ਆਪਸੀ ਸਹਿਯੋਗ ਰਾਹੀਂ, ਅਸੀਂ ਸਾਰੇ ਇਕੱਠੇ ਅੱਗੇ ਵਧ ਸਕਦੇ ਹਾਂ ਅਤੇ ਮਨੁੱਖਤਾ ਦੀ ਭਲਾਈ ਲਈ ਕੰਮ ਕਰ ਸਕਦੇ ਹਾਂ। ਸਾਡੀ ਵਿਭਿੰਨਤਾ ਸਾਡੀ ਪਛਾਣ ਹੋਵੇ, ਸਾਡਾ ਸਹਿਯੋਗ ਸਾਡੀ ਪ੍ਰੇਰਨਾ ਹੋਵੇ ਅਤੇ ਸਾਡੀ ਤਰੱਕੀ ਸਾਰੀ ਮਨੁੱਖਤਾ ਦੇ ਹਿੱਤ ਵਿਚ ਹੋਵੇ।" ਮੋਦੀ ਨੇ ਇਹ ਟਿੱਪਣੀਆਂ ਬ੍ਰਿਕਸ ਸਮੂਹ ਦੇ ਮੁੱਖ ਨੇਤਾਵਾਂ ਦੀ ਮੌਜੂਦਗੀ ਵਿਚ ਕੀਤੀਆਂ, ਜਿਨ੍ਹਾਂ ਵਿਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਅਤੇ ਇੰਡੋਨੇਸ਼ੀਆਈ ਰਾਸ਼ਟਰਪਤੀ ਪ੍ਰਬੋਵੋ ਸੁਬੀਆਂਤੋ ਸ਼ਾਮਲ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਦੀ ਪ੍ਰਧਾਨਗੀ ਹੇਠ, ਬ੍ਰਿਕਸ ਏਜੰਡਾ ਚਾਰ ਥੰਮ੍ਹਾਂ 'ਤੇ ਕੇਂਦ੍ਰਤ ਹੈ: ਲਚਕਤਾ, ਨਵੀਨਤਾ, ਸਹਿਯੋਗ ਅਤੇ ਸਥਿਰਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਚਾਰ ਥੰਮ੍ਹਾਂ ਦੇ ਆਧਾਰ 'ਤੇ ਭਾਰਤ ਨੇ ਬ੍ਰਿਕਸ ਰਾਹੀਂ ਸਮਾਵੇਸ਼ੀ ਵਿਸ਼ਵ ਵਿਕਾਸ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਦਾ ਮੰਨਣਾ ਹੈ ਕਿ ਬ੍ਰਿਕਸ ਦੇ ਅੰਦਰ ਵਿਕਸਤ ਹੱਲਾਂ ਦਾ ਲਾਭ ਸਿਰਫ਼ ਇਸ ਸਮੂਹ ਤਕ ਸੀਮਤ ਨਹੀਂ ਹੋਣੇ ਚਾਹੀਦੇ, ਸਗੋਂ ਉਨ੍ਹਾਂ ਨੂੰ ਗਲੋਬਲ ਸਾਊਥ ਦੀਆਂ ਜ਼ਰੂਰਤਾਂ ਅਨੁਸਾਰ ਢਾਲਿਆ ਅਤੇ ਪਹੁੰਚਯੋਗ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ,"ਮੈਨੂੰ ਖ਼ੁਸ਼ੀ ਹੈ ਕਿ ਤੁਹਾਡੇ ਸਹਿਯੋਗ ਅਤੇ ਸਮਰਥਨ ਨਾਲ ਅਸੀਂ ਅਪਣੇ ਸਾਂਝੇ ਦ੍ਰਿਸ਼ਟੀਕੋਣ ਨੂੰ ਸਹਿਯੋਗ ਵਿਚ ਬਦਲਣ ਵਿਚ ਸਫ਼ਲ ਹੋਏ ਹਾਂ ਜੋ ਸਾਰੀਆਂ ਧਿਰਾਂ ਨੂੰ ਲਾਭ ਪਹੁੰਚਾਉਂਦਾ ਹੈ।" ਮੋਦੀ ਨੇ ਕਿਹਾ,"ਅੱਜ ਦੁਨੀਆ ਵਿਚ ਟਕਰਾਅ ਅਤੇ ਤਣਾਅ ਲਗਾਤਾਰ ਵਧ ਰਹੇ ਹਨ ਅਤੇ ਇਸਦਾ ਆਮ ਲੋਕਾਂ ਦੇ ਜੀਵਨ 'ਤੇ ਲਗਾਤਾਰ ਵਧ ਰਿਹਾ ਨਕਾਰਾਤਮਕ ਅਤੇ ਦੂਰਗਾਮੀ ਪ੍ਰਭਾਵ ਪੈ ਰਿਹਾ ਹੈ।" ਉਨ੍ਹਾਂ ਕਿਹਾ,"ਸਾਡੀ ਕੋਸ਼ਿਸ਼ ਇਹ ਯਕੀਨੀ ਬਣਾਉਣ ਦੀ ਰਹੀ ਹੈ ਕਿ ਬ੍ਰਿਕਸ ਸਹਿਯੋਗ ਸਿਰਫ਼ ਸਰਕਾਰਾਂ ਤਕ ਸੀਮਿਤ ਨਾ ਰਹੇ। ਅਸੀਂ ਅਪਣੇ ਉੱਦਮੀਆਂ, ਕਿਸਾਨਾਂ, ਖੋਜਕਰਤਾਵਾਂ, ਔਰਤਾਂ, ਨੌਜਵਾਨਾਂ ਅਤੇ ਆਮ ਨਾਗਰਿਕਾਂ ਨੂੰ ਇਸ ਯਤਨ ਵਿਚ ਸਰਗਰਮ ਭਾਗੀਦਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।" ਸੰਮੇਲਨ ਦੇ ਦੂਜੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਦੱਖਣੀ ਅਫ਼ਰੀਕਾ, ਕਜ਼ਾਖਸਤਾਨ, ਫ਼ਿਲੀਪੀਨਜ਼, ਮਿਸਰ (ਇਜਿਪਟ), ਬੁਰੁੰਡੀ, ਯੂਗਾਂਡਾ ਅਤੇ ਨਾਈਜੀਰੀਆ ਦੇ ਆਗੂਆਂ ਨਾਲ ਮਹੱਤਵਪੂਰਨ ਦੁਵੱਲੀਆਂ ਬੈਠਕਾਂ ਹੋਈਆਂ। **(ਏਜੰਸੀ)**

ਪੁਤਿਨ ਨੇ ਬ੍ਰਿਕਸ ਸੰਮੇਲਨ 'ਚ ਨਵੇਂ ਬੀਮਾਤੰਤਰ ਦਾ ਪ੍ਰਸਤਾਵ ਰਖਿਆ

ਪਹਿਲਕਦਮੀਆਂ ਦੀ ਪੇਸ਼ਕਸ਼ ਕੀਤੀ। ਪੁਤਿਨ ਨੇ ਇੱਥੇ 18ਵੇਂ ਬ੍ਰਿਕਸ ਸੰਮੇਲਨ ਦੇ ਸਮਾਪਤੀ ਸੈਸ਼ਨ ਵਿਚ ਕਿਹਾ,"ਸਾਡੇ ਕੋਲ ਪੂੰਜੀ, ਕਿਰਤ ਤੇ ਤਕਨਾਲੋਜੀਆਂ ਦੀ ਆਵਾਜਾਈ ਲਈ ਸੁਤੰਤਰ ਰਸਤੇ ਹਨ। ਅਸਲ ਵਿਚ, ਅਸੀਂ ਬਾਹਰੀ ਦਬਾਅ ਦੀ ਪਰਵਾਹ ਕੀਤੇ ਬਿਨਾਂ ਕੰਮ ਕਰ ਸਕਦੇ ਹਾਂ।" ਉਨ੍ਹਾਂ ਜ਼ਿਆਦਾ ਵੇਰਵਾ ਦਿਤੇ ਬਿਨਾ ਕਿਹਾ ਕਿ,"ਸਾਡੇ ਕੋਲ ਭਵਿੱਖ ਲਈ ਕੁਝ ਆਸ਼ਾਵਾਦੀ ਪਹਿਲਕਦਮੀਆਂ ਹਨ, ਜਿਵੇਂ ਕਿ ਇਕ ਬੀਮਾ ਤੰਤਰ ਤਿਆਰ ਕਰਨਾ ਅਤੇ ਅਨਾਜ ਮੰਡੀ ਬਣਾਉਣਾ। ਇਹ ਰੂਸ ਦੇ ਪ੍ਰਸਤਾਵ ਹਨ ਅਤੇ ਅਸੀਂ ਹੋਰ ਸਾਰੇ ਮੈਂਬਰ ਦੇਸ਼ਾਂ ਨੂੰ ਇਨ੍ਹਾਂ ਦਾ ਲਾਭ ਲੈਣ ਲਈ ਸੱਦਾ ਦਿੰਦੇ ਹਾਂ।" ਪੁਤਿਨ ਨੇ ਨਿਊ ਡਿਵੈਲਪਮੈਂਟ ਬੈਂਕ (ਐਨਡੀਬੀ) ਦੇ ਕੰਮਕਾਜ ਦੀ ਇਹ ਕਹਿੰਦੇ ਹੋਏ ਸ਼ਲਾਘਾ ਕੀਤੀ ਕਿ ਇਹ 140 ਅਰਬ ਅਮਰੀਕੀ ਡਾਲਰ ਦੇ ਪ੍ਰਾਜੈਕਟਾਂ ਦਾ ਪ੍ਰਬੰਧਨ ਕਰਦਾ ਹੈ। ਐਨਡੀਬੀ ਬ੍ਰਿਕਸ ਦੇਸ਼ਾਂ ਦੁਆਰਾ ਸਥਾਪਤ ਇਕ ਬਹੁਪੱਖੀ ਵਿਕਾਸ ਬੈਂਕ ਹੈ। **(ਏਜੰਸੀ)**

ਜਾਵਾ ਸਾਗਰ 'ਚ ਪਲਟਿਆ ਇੰਡੋਨੇਸ਼ੀਆਈ ਯਾਤਰੀ ਜਹਾਜ਼

ਦੋ ਵਜੇ 'ਵਿਰਗੋ ਟਰਾਂਸਪੋਰਟ 8' ਨਾਲ ਸੰਪਰਕ ਟੁੱਟਣ ਦੇ ਦੋ ਘੰਟੇ ਬਾਅਦ ਉਸ ਨੂੰ ਘਟਨਾ ਦੀ ਸੂਚਨਾ ਮਿਲੀ। ਇਹ ਜਹਾਜ਼ ਇੰਡੋਨੇਸ਼ੀਆ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਸੁਰਬਾਇਆ ਤੋਂ ਬੋਰਨੀਓ ਟਾਪੂ ਸਥਿਤ ਬੰਜਾਰਮਾਸਿਨ ਲਈ ਰਵਾਨਾ ਹੋਇਆ ਸੀ। ਸੁਦਾਇਨਾ ਨੇ ਇਕ ਵੀਡੀਓ ਜਾਰੀ ਕਰ ਕੇ ਕਿਹਾ ਕਿ ਜਹਾਜ਼ ਸੰਚਾਲਕ ਨੇ ਜਹਾਜ਼ ਦੇ ਖਰਾਬ ਮੌਸਮ ਵਿਚ ਫਸਣ ਦੀ ਸੂਚਨਾ ਮਿਲਣ ਤੋਂ ਬਾਅਦ ਅਧਿਕਾਰੀਆਂ ਨੂੰ ਘਟਨਾ ਦੀ ਜਾਣਕਾਰੀ ਦਿਤੀ। ਉਨ੍ਹਾਂ ਦਸਿਆ ਕਿ ਇਸ ਤੋਂ ਬਾਅਦ ਇਕ ਬਚਾਅ ਜਹਾਜ਼ ਨੂੰ ਉਸ ਜਗ੍ਹਾ ਵਲ ਰਵਾਨਾ ਕੀਤਾ ਗਿਆ, ਜਿੱਥੇ ਆਖਰੀ ਵਾਰ ਸੰਪਰਕ ਹੋਇਆ ਸੀ। ਜਹਾਜ਼ ਵਿਚ ਵੱਡੀ ਗਿਣਤੀ ਵਿਚ ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸਵਾਰ ਹੋਣ ਕਾਰਨ ਸਾਰੇ ਉਪਲਬਧ ਕਰਮਚਾਰੀਆਂ ਅਤੇ ਸਾਧਨਾਂ ਨੂੰ ਭਾਲ ਅਭਿਆਨ ਵਿਚ ਲਗਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਜਹਾਜ਼ ਨਾਲ ਆਖਰੀ ਵਾਰ ਜਾਵਾ ਸਾਗਰ ਵਿਚ ਬੰਜਾਰਮਾਸਿਨ ਦੇ ਇਕ ਘਾਟ ਤੋਂ ਲਗਭਗ 148 ਕਿਲੋਮੀਟਰ ਦੂਰ ਸੰਪਰਕ ਹੋਇਆ ਸੀ। ਜਹਾਜ਼ ਦੀ ਯਾਤਰੀ ਸੂਚੀ ਅਨੁਸਾਰ, ਉਸ 'ਤੇ 213 ਯਾਤਰੀਆਂ ਅਤੇ ਚਾਲਕ ਦਲ ਦੇ 30 ਮੈਂਬਰਾਂ ਸਮੇਤ 243 ਲੋਕ ਸਵਾਰ ਸਨ। ਹਾਲਾਂਕਿ, ਇੰਡੋਨੇਸ਼ੀਆ ਵਿਚ ਜਹਾਜ਼ 'ਤੇ ਸਵਾਰ ਯਾਤਰੀਆਂ ਦੀ ਅਸਲ ਗਿਣਤੀ ਦਾ ਅਧਿਕਾਰਤ ਸੂਚੀ ਵਿਚ ਦਰਜ ਗਿਣਤੀ ਤੋਂ ਵੱਖ ਹੋਣਾ ਆਮ ਗੱਲ ਹੈ। ਭਾਲ ਅਭਿਆਨ ਦੀ ਅਗਵਾਈ ਕਰ ਰਹੇ ਸੁਦਾਇਨਾ ਨੇ ਦਸਿਆ ਕਿ ਏਜੰਸੀ ਸਮੁੰਦਰੀ ਅਧਿਕਾਰੀਆਂ ਅਤੇ ਹੋਰ ਸਬੰਧਤ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ ਅਤੇ ਖੇਤਰ ਵਿਚ ਮੌਸਮ ਦੀ ਸਥਿਤੀ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। **(ਏਜੰਸੀ)**

ਐਚ.ਆਰ.-2 ਰੋਡ ਹੁਣ 'ਸ਼ਹੀਦ ਕਰਨਲ ਮਨਪ੍ਰੀਤ ਸਿੰਘ ਮਾਰਗ' ਦੇ ਨਾਂ ਨਾਲ ਜਾਣੀ ਜਾਵੇਗੀ : ਮਾਨ

ਲੋਹਾ ਲੈਂਦੇ ਹੋਏ ਮਹਾਨ ਕੁਰਬਾਨੀ ਦਿਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਯਾਦ ਵਿਚ ਸੂਬਾ ਸਰਕਾਰ ਨੇ ਮੁੱਲਾਂਪੁਰ ਚੌਕ ਤੋਂ ਟੀ-ਪੁਆਇੰਟ ਤਕ ਦੀ 200 ਫੁੱਟ ਚੌੜੀ ਸੜਕ ਦਾ ਨਾਂ 'ਸ਼ਹੀਦ ਕਰਨਲ ਮਨਪ੍ਰੀਤ ਸਿੰਘ ਮਾਰਗ' ਰਖਿਆ ਹੈ। ਉਨ੍ਹਾਂ ਦਸਿਆ ਕਿ ਇਸੇ ਤਰ੍ਹਾਂ ਸੈਕਟਰ 5-ਏ ਬਲਾਕ ਦੇ ਪਾਰਕ ਦਾ ਨਾਂ ਉਨ੍ਹਾਂ ਦੀ ਯਾਦ ਅਤੇ ਕੁਰਬਾਨੀ ਨੂੰ ਸ਼ਰਧਾਂਜਲੀ ਵਜੋਂ 'ਸ਼ਹੀਦ ਕਰਨਲ ਮਨਪ੍ਰੀਤ ਸਿੰਘ ਪਾਰਕ' ਰਖਿਆ ਗਿਆ ਹੈ। ਪੰਜਾਬ ਦੇ ਇਸ ਬਹਾਦਰ ਪੁੱਤਰ, ਖ਼ਾਸ ਕਰ ਕੇ ਪਿੰਡ ਭੜੌਂਜੀਆ ਦੇ ਸਪੂਤ ਦੇ ਨਾਂ 'ਤੇ ਇਨ੍ਹਾਂ ਜਨਤਕ ਥਾਵਾਂ ਦੇ ਨਾਂ ਰੱਖ ਕੇ ਸੂਬਾ ਸਰਕਾਰ ਨੇ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਮਾਨ ਨੇ ਉਮੀਦ ਪ੍ਰਗਟਾਈ ਕਿ ਇਹ ਪਹਿਲਕਦਮੀ ਪੰਜਾਬ ਦੇ ਨੌਜਵਾਨਾਂ ਨੂੰ ਦੇਸ਼ ਦੀ ਨਿਸਕਾਮ ਸੇਵਾ ਲਈ ਪ੍ਰੇਰਿਤ ਕਰੇਗੀ। ਇਸ ਮੌਕੇ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਅਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

ਸ਼ੇਰ-ਏ-ਪੰਜਾਬ ਟੀ-20 ਕ੍ਰਿਕਟ ਲੀਗ ਦੀ ਸਮਾਪਤੀ ਸਮਾਰੋਹ 'ਚ ਸ਼ਾਮਲ ਹੋਏ ਮੁੱਖ ਮੰਤਰੀ

ਲਈ ਵਚਨਬੱਧ ਹੈ ਅਤੇ ਕਿਹਾ ਕਿ ਅਸੀਂ ਖੇਡ ਸਭਿਆਚਾਰ ਨੂੰ ਸੁਰਜੀਤ ਕਰਨ ਤੇ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਲਈ ਅਪਣੇ ਯਤਨ ਇਸੇ ਤਰ੍ਹਾਂ ਜਾਰੀ ਰੱਖਾਂਗੇ। ਸ਼ੇਰ-ਏ-ਪੰਜਾਬ ਟੀ-20 ਕ੍ਰਿਕਟ ਲੀਗ ਦੀ ਸਮਾਪਤੀ ਮੌਕੇ ਖਿਡਾਰੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ੇਰ-ਏ-ਪੰਜਾਬ ਟੀ-20 ਲੀਗ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਵਲੋਂ ਪਹਿਲੀ ਵਾਰ ਕਰਵਾਈ ਗਈ ਹੈ।

ਗੋਆ ਵਿਧਾਨ ਸਭਾ ਚੋਣਾਂ ਲਈ 'ਆਪ' ਤੇ 'ਜੀਐਫ਼ਪੀ' ਵਲੋਂ ਗਠਜੋੜ ਦਾ ਐਲਾਨ

ਗੋਆ ਦੇ ਲੋਕਾਂ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ ਗਠਜੋੜ ਵਿਚ ਬਰਾਬਰ ਦੇ ਭਾਈਵਾਲ ਹਨ। ਸਰਦੇਸਾਈ ਨੇ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਵਿਚ ਬਹੁਤ ਸਾਰੇ ਨੇਤਾ ਹਨ ਜੋ ਦੂਜੀਆਂ ਪਾਰਟੀਆਂ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ 'ਆਪ'-ਜੀਐਫ਼ਪੀ ਗਠਜੋੜ ਅਜਿਹੀ ਸਰਕਾਰ ਦੇ ਬਦਲ ਵਜੋਂ ਉਭਰੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਪੂਰਨ ਬਹੁਮਤ ਨਹੀਂ ਮਿਲਿਆ ਅਤੇ ਕਾਂਗਰਸ ਲੀਡਰਸ਼ਿਪ ਦਲ-ਬਦਲੀ ਦੀ ਇਕ ਹੋਰ ਲਹਿਰ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕਰ ਸਕਦੀ। ਸਰਦੇਸਾਈ ਨੇ ਕਿਹਾ,"ਗਠਜੋੜ ਬਣਾਉਣਾ ਜ਼ਰੂਰੀ ਸੀ। ਅਸੀਂ 'ਆਪ' ਨਾਲ ਗਠਜੋੜ ਕੀਤਾ ਹੈ, ਜਿਸ ਦਾ ਮੁੱਖ ਉਦੇਸ਼ ਗੋਆ ਦੇ ਹਿਤਾਂ ਨੂੰ ਤਰਜੀਹ ਦੇਣਾ ਹੈ।" ਆਮ ਆਦਮੀ ਪਾਰਟੀ ਦੇ ਮੌਜੂਦਾ 40 ਮੈਂਬਰੀ ਗੋਆ ਵਿਧਾਨ ਸਭਾ ਵਿਚ ਦੋ ਵਿਧਾਇਕ ਹਨ, ਜਦੋਂ ਕਿ ਜੀਐਫ਼ਪੀ ਦਾ ਇਕ ਵਿਧਾਇਕ ਹੈ। ਕੇਜਰੀਵਾਲ ਨੇ ਕਿਹਾ,"ਇਹ ਬਹੁਤ ਹੀ ਅਫਸੋਸਜਨਕ ਹੈ ਕਿ ਸਾਡੇ ਰਾਜ ਸਭਾ ਮੈਂਬਰਾਂ ਨੇ ਪਾਰਟੀ ਛੱਡ ਦਿਤੀ। ਉਨ੍ਹਾਂ ਨੇ ਪਾਰਟੀ ਨਾਲ ਧੋਖਾ ਕੀਤਾ। ਪਾਰਟੀ ਨੇ ਉਨ੍ਹਾਂ ਨੂੰ ਜਨਤਾ ਨਾਲ ਨਹੀਂ, ਸਗੋਂ ਰਾਜ ਸਭਾ ਵਿਚ ਭੇਜਿਆ।" ਉਨ੍ਹਾਂ ਕਿਹਾ ਕਿ 'ਆਪ' ਨੇ ਅਪਣੇ ਚੁਣੇ ਹੋਏ ਪ੍ਰਤੀਨਿਧੀਆਂ ਰਾਹੀਂ ਕਦੇ ਵੀ ਜਨਤਾ ਨਾਲ ਧੋਖਾ ਨਹੀਂ ਕੀਤਾ। ਸਾਡਾ ਮੰਨਣਾ ਹੈ ਕਿ ਇਹ ਸਾਡੇ ਲਈ ਇਕ ਸਬਕ ਹੈ, ਕਿਉਂਕਿ ਆਮ ਆਦਮੀ ਪਾਰਟੀ ਵਿਚ ਪਹਿਲਾਂ ਕਦੇ ਅਜਿਹਾ ਨਹੀਂ ਹੋਇਆ। ਹੁਣ ਤੋਂ, ਅਸੀਂ ਕਿਸੇ ਨੂੰ ਵੀ ਰਾਜ ਸਭਾ ਵਿਚ ਭੇਜਣ ਤੋਂ ਪਹਿਲਾਂ ਚੰਗੀ ਤਰ੍ਹਾਂ ਜਾਂਚ ਕਰਾਂਗੇ ਅਤੇ ਇਹ ਯਕੀਨੀ ਬਣਾਵਾਂਗੇ ਕਿ ਉਹ ਸਹੀ ਵਿਅਕਤੀ ਹਨ।" ਦਿੱਲੀ, ਗੋਆ, ਜੰਮੂ-ਕਸ਼ਮੀਰ ਅਤੇ ਗੁਜਰਾਤ ਵਿਚ ਪਾਰਟੀ ਦੇ ਤਜਰਬੇ ਦਾ ਹਵਾਲਾ ਦਿੰਦੇ ਹੋਏ, 'ਆਪ' ਮੁਖੀ ਨੇ ਦਾਅਵਾ ਕੀਤਾ ਕਿ 'ਆਪ' ਦੇ ਚੁਣੇ ਹੋਏ ਨੁਮਾਇੰਦੇ ਦਲ-ਬਦਲੀ ਦੀਆਂ ਕਥਿਤ ਕੋਸ਼ਿਸ਼ਾਂ ਦੇ ਬਾਵਜੂਦ ਪਾਰਟੀ ਪ੍ਰਤੀ ਵਫ਼ਾਦਾਰ ਰਹੇ ਹਨ ਕੇਜਰੀਵਾਲ ਨੇ ਕਿਹਾ,"ਸਾਡੇ ਚੁਣੇ ਹੋਏ ਨੁਮਾਇੰਦੇ ਜਿੱਥੇ ਵੀ ਹਨ, ਉਨ੍ਹਾਂ ਵਿਚੋਂ ਕਿਸੇ ਨੇ ਵੀ ਜਨਤਾ ਨਾਲ ਧੋਖਾ ਨਹੀਂ ਕੀਤਾ।" **(ਏਜੰਸੀ)**

ਪੰਜਾਬ ਕਾਂਗਰਸ 'ਚ ਧੜੇਬੰਦੀ ਉਤੇ ਲੱਗੇਗੀ ਬ੍ਰੇਕ ?

ਪੰਜਾਬ ਫੇਰੀ ਦੌਰਾਨ ਸਚਿਨ ਪਾਇਲਟ ਨੇ ਰਸਮੀ ਮੀਟਿੰਗਾਂ ਦੇ ਚੱਕਰ ਵਿਚ ਪੈਣ ਦੀ ਬਜਾਏ ਸਿੱਧਾ ਇਕ ਵੱਡੇ ਧਰਨੇ-ਪ੍ਰਦਰਸ਼ਨ ਦੀ ਕਾਲ ਦਿਤੀ ਹੈ। ਪਾਰਟੀ ਸੂਤਰਾਂ ਅਨੁਸਾਰ ਪਾਇਲਟ ਨੇ ਦੋਹਾਂ ਧੜਿਆਂ ਦੇ ਪ੍ਰਮੁੱਖ ਆਗੂਆਂ ਨੂੰ ਖ਼ੁਦ ਫ਼ੋਨ ਕਾਲਾਂ ਕਰ ਕੇ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਹੈ, ਤਾਂ ਜੋ ਕੋਈ ਵੀ ਧੜਾ ਇਸ ਤੋਂ ਦੂਰੀ ਨਾ ਬਣਾ ਸਕੇ। ਉਹ ਕਿਸੇ ਵੀ ਧੜੇ ਪ੍ਰਤੀ ਪੱਖਪਾਤ ਵਿਖਾਏ ਬਿਨਾਂ ਨਿਰਪੱਖ ਪਹੁੰਚ ਅਪਣਾ ਕੇ ਸਾਰਿਆਂ ਦੇ ਮਾਣ-ਸਨਮਾਨ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਕਦਮ ਦਾ ਮੁੱਖ ਮਕਸਦ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਅਤੇ ਵਰਕਰਾਂ ਤਕ ਇਕਜੁਟਤਾ ਦਾ ਸੁਨੇਹਾ ਪਹੁੰਚਾਉਣਾ ਹੈ। ਕਾਂਗਰਸ ਦੇ ਇਸ ਕਦਮ 'ਤੇ ਸਿਆਸੀ ਬਿਆਨਬਾਜ਼ੀ ਵੀ ਤੇਜ਼ ਹੋ ਗਈ ਹੈ। ਭਾਜਪਾ ਆਗੂ ਸੁਨੀਲ ਜਾਖੜ ਨੇ ਵਿਅੰਗ ਕਸਦਿਆਂ ਕਿਹਾ ਸੀ ਕਿ 'ਸਚਿਨ ਪਾਇਲਟ ਦਾ ਜਹਾਜ਼ ਪੰਜਾਬ ਆ ਕੇ ਕਰੈਸ਼ ਹੋ ਜਾਵੇਗਾ ਕਿਉਂਕਿ ਇਥੇ ਫੁੱਫੜਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।' ਇਸ 'ਤੇ ਪਲਟਵਾਰ ਕਰਦਿਆਂ ਡਾ. ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਕਾਂਗਰਸ ਵਿਚ ਗੁੱਟਬੰਦੀ ਹੁਣ ਬੀਤੇ ਸਮੇਂ ਦੀ ਗੱਲ ਬਣ ਚੁੱਕੀ ਹੈ ਅਤੇ ਦਿੱਲੀਉਂ ਆਇਆ ਇਹ 'ਫੁੱਫੜ' ਵਿਰੋਧੀਆਂ ਦੀ ਨੀਂਦ ਉਡਾ ਕੇ ਰੱਖ ਦੇਵੇਗਾ।

ਰਾਜਪੁਰਾ ਤੇ ਤਲਵੰਡੀ ਸਾਬੋ ਥਰਮਲ ਦੇ ਸਾਰੇ ਯੂਨਿਟ ਹੋਏ ਚਾਲੂ

ਤਕ 16601 ਮੈਗਾਵਾਟ ਤੋਂ ਉਪਰ ਰਹੀ, ਜਿਸ ਨੂੰ ਪੂਰਾ ਕਰਨ ਲਈ ਪਾਵਰਕਾਮ ਮੁੱਖ ਤੌਰ 'ਤੇ ਕੇਂਦਰੀ ਪੂਲ ਤੋਂ ਮਿਲਣ ਵਾਲੀ ਬਿਜਲੀ 'ਤੇ ਨਿਰਭਰ ਰਿਹਾ। ਇਸ ਨੂੰ ਪੂਰਾ ਕਰਨ ਲਈ ਪਾਵਰਕਾਮ ਦਾ ਅਪਣੇ ਸਾਰੇ ਸਰੋਤਾਂ ਤੋਂ ਬਿਜਲੀ ਉਤਪਾਦਨ 5032 ਮੈਗਾਵਾਟ ਰਿਹਾ, ਜਦਕਿ ਪਾਵਰਕਾਮ ਨੂੰ ਕੇਂਦਰੀ ਪੂਲ ਤੋਂ 11509 ਮੈਗਾਵਾਟ ਬਿਜਲੀ ਲੈਣੀ ਪਈ। ਐਤਵਾਰ ਦੁਪਹਿਰ ਤਕ ਪਾਵਰਕਾਮ ਨੂੰ ਰੋਪੜ ਥਰਮਲ ਪਲਾਂਟ ਦੇ ਚਾਰ ਯੂਨਿਟਾਂ ਤੋਂ 482, ਲਹਿਰਾ ਮੁਹੱਬਤ ਪਲਾਂਟ ਦੇ ਚਾਰ ਯੂਨਿਟਾਂ ਤੋਂ 800 ਮੈਗਾਵਾਟ ਅਤੇ ਗੋਇੰਦਵਾਲ ਸਾਹਿਬ ਦੇ ਦੋ ਯੂਨਿਟਾਂ ਤੋਂ 496 ਮੈਗਾਵਾਟ ਬਿਜਲੀ ਮਿਲੀ। ਇਸੇ ਤਰ੍ਹਾਂ ਰਾਜਪੁਰਾ ਦੇ ਦੋਵੇਂ ਯੂਨਿਟ ਚਲਣ ਨਾਲ ਪਾਵਰਕਾਮ ਨੂੰ 1328 ਮੈਗਾਵਾਟ ਬਿਜਲੀ ਮਿਲੀ। ਅੱਜ 13 ਰਾਜ ਵਿਚ ਜਿਥੇ ਹੁਣ ਤਕ ਬਿਜਲੀ ਦੀ ਸੱਭ ਤੋਂ ਵੱਧ ਮੰਗ 16601 ਮੈਗਾਵਾਟ ਦਰਜ ਕੀਤੀ ਜਾ ਚੁੱਕੀ ਹੈ, ਉਥੇ ਹੀ ਬੀਤੇ ਸਾਲ ਇਸੇ ਦਿਨ ਇਹ ਮੰਗ 13208 ਮੈਗਾਵਾਟ ਰਿਕਾਰਡ ਕੀਤੀ ਗਈ ਸੀ। ਇਸੇ ਤਰ੍ਹਾਂ ਸਾਲ 2024 ਵਿਚ 13 ਸਤੰਬਰ ਨੂੰ ਬਿਜਲੀ ਦੀ ਮੰਗ 13835 ਮੈਗਾਵਾਟ ਰਹੀ ਸੀ।

ਮਾਨ ਸਰਕਾਰ ਨੇ ਪੰਜਾਬ ਨੂੰ ਬਿਜਲੀ ਸੰਕਟ 'ਚੋਂ ਕਢਿਆ : ਧਾਲੀਵਾਲ

ਸਦਕਾ ਪੰਜਾਬ ਹੁਣ ਇਸ ਸੰਕਟ ਵਿਚੋਂ ਪੂਰੀ ਤਰ੍ਹਾਂ ਬਾਹਰ ਨਿਕਲ ਆਇਆ ਹੈ। ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਤਲਵੰਡੀ ਸਾਬੋ ਅਤੇ ਨਾਭਾ ਦੇ ਪ੍ਰਾਈਵੇਟ ਥਰਮਲ ਪਲਾਂਟਾਂ ਦੇ ਯੂਨਿਟਾਂ ਵਿਚ ਆਈ ਤਕਨੀਕੀ ਖ਼ਰਾਬੀ ਕਾਰਨ ਸਮੱਸਿਆ ਆਈ ਸੀ, ਜਿਸ ਨੂੰ ਹੁਣ ਪੂਰੀ ਤਰ੍ਹਾਂ ਠੀਕ ਕਰ ਲਿਆ ਗਿਆ ਹੈ। ਐਤਵਾਰ ਸਵੇਰੇ 6 ਵਜੇ ਤੋਂ ਪੂਰੇ ਪੰਜਾਬ ਵਿਚ ਖੇਤੀਬਾੜੀ, ਇੰਡਸਟਰੀ ਅਤੇ ਘਰੇਲੂ ਖਪਤਕਾਰਾਂ ਨੂੰ ਬਿਨਾਂ ਕਿਸੇ ਕੱਟ ਤੋਂ ਨਿਰੰਤਰ ਬਿਜਲੀ ਦਿਤੀ ਜਾ ਰਹੀ ਹੈ।

ਸ.ਫ਼ਾ 3 ਦੀਆਂ ਬਾਕੀਆਂ

ਏਆਈ ਪੋਰਟਲ ਗੁਰਬਾਣੀ ਦੇ ਸ਼ਬਦਾਂ ਤੇ ਤੁਕਾਂ ਨਾਲ ਛੇੜਛਾੜ ਕਰ ਕੇ ਸ਼ਰੇਆਮ ਕਰ ਰਹੇ ਹਨ ਬੇਅਦਬੀ

ਲਾਈਵ ਸਰਚ ਚਲਾ ਕੇ 100 ਫ਼ੀ ਸਦੀ ਸਹੀ ਸੰਸਕ੍ਰਿਤ ਸਲੋਕ ਅਤੇ ਅਧਿਆਏ ਨੰਬਰ ਦਿਤੇ, ਪਰ ਗੁਰਬਾਣੀ ਲਈ ਬਿਨਾਂ ਕਿਸੇ ਜਾਂਚ ਦੇ ਜਾਅਲੀ ਬਾਣੀ ਘੜ ਕੇ ਪਰੋਸ ਦਿਤੀ। ਸਿਮਰਨਜੀਤ ਸਿੰਘ ਨੇ ਦਸਿਆ ਕਿ ਪੁਛਗਿਛ ਦੌਰਾਨ ਸਾਰੇ ਏਆਈ ਮਾਡਲਾਂ ਨੇ ਲਿਖਤੀ ਰੂਪ ਵਿਚ ਅਪਣੀ ਗ਼ਲਤੀ ਕਬੂਲੀ ਕਿ ਉਨ੍ਹਾਂ ਨੇ ਗੁਰਬਾਣੀ ਵਿਚ ਨਾ ਮੌਜੂਦ ਪੰਕਤੀਆਂ ਖ਼ੁਦ ਘੜੀਆਂ ਸਨ ਅਤੇ ਅੱਗੇ ਤੋਂ ਗ਼ਲਤੀ ਨਾ ਕਰਨ ਦੀ ਵੀ ਗੱਲ ਕਹਿੰਦੇ ਹਨ ਪਰ ਵਾਰ-ਵਾਰ ਫੇਰ ਉਹੀ ਗ਼ਲਤੀਆਂ ਦੁਹਰਾਉਂਦੇ ਹਨ। ਇਸ ਨਾਲ ਅੱਜ ਦੇ ਸਮੇਂ ਵਿਚ ਏਆਈ 'ਤੇ ਭਰੋਸਾ ਕਰ ਕੇ ਚਲਣ ਵਾਲੀ ਸਿੱਖ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਬਾਰੇ ਗ਼ਲਤ ਜਾਣਕਾਰੀ ਦਿਤੀ ਜਾ ਰਹੀ ਹੈ। ਵਰਨਣਯੋਗ ਹੈ ਕਿ ਇਸ ਗੰਭੀਰ ਮਾਮਲੇ ਨੂੰ ਲੈ ਕੇ ਸਿੱਖਾਂ ਦੀਆਂ ਸਰਬਉੱਚ ਸੰਸਥਾਵਾਂ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਵੀ ਕੋਈ ਨੋਟਿਸ ਨਹੀਂ ਲੈ ਰਹੀਆਂ। ਏਆਈ ਪੋਰਟਲਾਂ ਨੂੰ ਪੰਜਾਬ ਸਰਕਾਰ ਦੇ ਬੇਅਦਬੀ ਵਿਰੋਧੀ ਕਨੂੰਨ ਤਹਿਤ ਕਾਰਵਾਈ ਦੀ ਮੰਗ ਵੀ ਉਠਣ ਲੱਗੀ ਹੈ। ਚੰਡੀਗੜ੍ਹ ਦੀਆਂ ਸਿੱਖ ਸੰਸਥਾਵਾਂ ਨੇ ਇਸ ਮਾਮਲੇ 'ਤੇ ਵਿਚਾਰ ਕਰਨ ਲਈ ਭਲਕੇ ਮੀਟਿੰਗ ਵੀ ਸੱਦੀ ਹੈ।

ਮੁਕਤ ਵਪਾਰ ਸਮਝੌਤੇ ਦੇ ਵਿਰੋਧ 'ਚ ਕਿਸਾਨਾਂ ਨੇ ਕੇਵਲ ਢਿੱਲੋਂ ਤੇ ਜਾਖੜ ਦੇ ਘਰਾਂ ਅੱਗੇ ਦਿਤੇ ਧਰਨੇ

ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਆਏ ਦਿਨ ਅਮਰੀਕੀ ਸਾਮਰਾਜ ਦੇ ਅੱਗੇ ਵਿਛਦੀ ਜਾ ਰਹੀ ਹੈ ਅਤੇ ਤੇਲ ਖ਼ਰੀਦਣ ਲਈ ਅਮਰੀਕੀ ਰਾਸ਼ਟਰਪਤੀ ਦੇ ਹੁਕਮਾਂ ਅੱਗੇ ਡੰਡੌਤ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਬਿਜਲੀ ਖੇਤਰ ਦਾ ਮੁਕੰਮਲ ਨਿਜੀਕਰਨ ਕਰਨ ਲਈ ਬਿਜਲੀ ਸੋਧ ਬਿੱਲ 2025 ਲਾਗੂ ਕਰਨ ਦੀਆਂ ਤਿਆਰੀਆਂ ਕਰੀ ਬੈਠੀ ਹੈ ਅਤੇ ਫ਼ਸਲਾਂ ਦੇ ਬੀਜਾਂ ਦਾ ਸਮੁੱਚਾ ਕਾਰੋਬਾਰ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਲਈ ਬੀਜ ਸੋਧ ਬਿੱਲ ਪਾਸ ਕਰਾਉਣ ਲਈ ਯਤਨਸ਼ੀਲ ਹੈ। ਉਨ੍ਹਾਂ ਮੰਗ ਕੀਤੀ ਕਿ ਹੜ੍ਹਾਂ ਕਾਰਨ ਪਿਛਲੇ ਵਰ੍ਹੇ ਕਿਸਾਨਾਂ ਮਜ਼ਦੂਰਾਂ ਦੇ ਹੋਏ ਜਾਨੀ ਤੇ ਮਾਲੀ ਨੁਕਸਾਨ ਦੀ ਭਰਪਾਈ ਕੀਤੀ ਜਾਵੇ।

ਭਾਖੜਾ ਸਣੇ ਵੱਖ-ਵੱਖ ਡੈਮਾਂ 'ਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਘਟਿਆ

ਕੀਤੀ ਗਈ। ਜਦੋਂ ਕਿ ਬੀਤੇ ਸਾਲ ਇਹ ਅੰਕੜਾ 23504 ਕਿਊਸਿਕ ਸੀ। ਰਣਜੀਤ ਸਾਗਰ ਡੈਮ ਰਿਜ਼ਰਵਾਇਰ ਵਿਚ ਅੱਜ ਪਾਣੀ ਦਾ ਪੱਧਰ 511.46 ਮੀਟਰ ਰਿਹਾ, ਜਦਕਿ ਪਿਛਲੇ ਸਾਲ ਇਸੇ ਦਿਨ ਇਹ 524.51 ਮੀਟਰ ਸੀ। ਅੱਜ ਇਥੇ 5,494 ਕਿਊਸਿਕ ਪਾਣੀ ਦੀ ਆਮਦ ਅਤੇ 9,409 ਕਿਊਸਿਕ ਪਾਣੀ ਛਡਿਆ ਗਿਆ ਹੈ।

ਬਠਿੰਡਾ 'ਚ ਪੰਜਾਬ ਦੀ ਸਭ ਤੋਂ ਵੱਡੀ 'ਯੂਥ ਰਨ'

ਮਿਲੇ। ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐਸਡ ਰਾਜਬੀਰ ਸਿੰਘ ਘੁੰਮਣ ਨੇ ਦਸਿਆ ਕਿ ਇਹ ਮੈਰਾਥਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਪ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ ਦੀਆਂ ਹਦਾਇਤਾਂ 'ਤੇ ਉਲੀਕੀ ਗਈ ਹੈ। ਉਨ੍ਹਾਂ ਕਿਹਾ 'ਇਹ ਇਸ ਲੜੀ ਦੀ ਤੀਜੀ ਮੈਰਾਥਨ ਹੈ। ਇਸ ਦੀ ਸ਼ੁਰੂਆਤ ਮੋਹਾਲੀ ਤੋਂ ਹੋਈ ਸੀ ਅਤੇ ਅੱਜ ਬਠਿੰਡਾ ਵਿਚ ਲਗਭਗ 20000 ਲੋਕਾਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ ਹੈ।' ਘੁੰਮਣ ਨੇ ਕਿਹਾ 'ਮੈਰਾਥਨ ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਨੇ ਉਨ੍ਹਾਂ ਲੋਕਾਂ ਨੂੰ ਢੁਕਵਾਂ ਜਵਾਬ ਦਿਤਾ ਹੈ ਜੋ 'ਉੱਡਤਾ ਪੰਜਾਬ' ਵਰਗੇ ਪ੍ਰਚਾਰ ਰਾਹੀਂ ਪੰਜਾਬ ਦੀ ਗਲਤ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਸਨ। ਅੱਜ ਅਸੀਂ ਉਨ੍ਹਾਂ ਨੂੰ 'ਚੜ੍ਹਦਾ ਪੰਜਾਬ, ਖੇਡਦਾ ਪੰਜਾਬ ਅਤੇ ਭੱਜਦਾ ਪੰਜਾਬ' 'ਰੰਗਲਾ ਪੰਜਾਬ' ਦਿਖਾਉਣਾ ਚਾਹੁੰਦੇ ਹਾਂ।'

ਬਿਜਲੀ ਸੰਕਟ ਲਈ ਕੇਂਦਰ ਨੂੰ ਦੋਸ਼ ਦੇਣਾ ਬੰਦ ਕਰ ਕੇ ਅਪਣੀ ਨਾਕਾਮੀ ਦੀ ਜ਼ਿੰਮੇਵਾਰੀ ਲਵੇ ਮਾਨ ਸਰਕਾਰ : ਤਰੁਣ ਚੁੱਘ

ਕਿਉਂ ਨਹੀਂ ਕੀਤੇ ਗਏ? ਧਾਨ ਦਾ ਸੀਜ਼ਨ, ਸਿੰਚਾਈ ਦੀ ਲੋੜ, ਗਰਮੀ ਅਤੇ ਘਰੇਲੂ ਤੇ ਉਦਯੋਗਿਕ ਬਿਜਲੀ ਦੀ ਵਧਦੀ ਖਪਤ ਕੋਈ ਅਚਾਨਕ ਪੈਦਾ ਹੋਈ ਸਥਿਤੀ ਨਹੀਂ ਸੀ। ਇਸ ਦੇ ਬਾਵਜੂਦ ਮਾਨ ਸਰਕਾਰ ਨੇ ਬਿਜਲੀ ਉਤਪਾਦਨ, ਕੋਲੇ ਅਤੇ ਬਿਜਲੀ ਦੀ ਖ਼ਰੀਦ ਲਈ ਸਮੇਂ ਸਿਰ ਲੋੜੀਂਦੀ ਤਿਆਰੀ ਨਹੀਂ ਕੀਤੀ। ਚੁੱਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਬਿਜਲੀ ਸੰਕਟ ਨੂੰ ਕੋਲੇ ਦੀ ਘਾਟ ਨਾਲ ਜੋੜ ਕੇ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਤੱਥਾਂ ਦੇ ਸਾਹਮਣੇ ਨਹੀਂ ਟਿਕਦੀ। ਕੇਂਦਰੀ ਕੋਲਾ ਮੰਤਰਾਲੇ ਵਲੋਂ 6 ਸਤੰਬਰ 2026 ਨੂੰ ਜਾਰੀ ਕੀਤੇ ਅਧਿਕਾਰਤ ਅੰਕੜਿਆਂ ਅਨੁਸਾਰ 4 ਸਤੰਬਰ ਤਕ ਪੰਜਾਬ ਦੇ ਤਿੰਨ ਸਰਕਾਰੀ ਥਰਮਲ ਪਾਵਰ ਪਲਾਂਟਾਂ ਵਿਚ ਕੋਲੇ ਦਾ ਸਟਾਕ ਨਿਰਧਾਰਤ ਮਿਆਰੀ ਲੋੜ ਦਾ ਲਗਭਗ 117 ਫ਼ੀ ਸਦੀ ਸੀ। ਇਸ ਦੇ ਬਾਵਜੂਦ ਅਗੱਸਤ 2026 ਦੌਰਾਨ ਇਨ੍ਹਾਂ ਤਿੰਨਾਂ ਪਲਾਂਟਾਂ ਨੇ ਅਪਣੀ ਬਿਜਲੀ ਉਤਪਾਦਨ ਸਮਰੱਥਾ ਦਾ ਸਿਰਫ਼ 42 ਫ਼ੀ ਸਦੀ ਹੀ ਇਸਤੇਮਾਲ ਕੀਤਾ। ਇਸ ਦਾ ਸਿੱਧਾ ਮਤਲਬ ਹੈ ਕਿ ਕੋਲਾ ਉਪਲਬਧ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਦੇ ਅਪਣੇ ਪਲਾਂਟ ਅਪਣੀ ਉਪਲਬਧ ਸਮਰੱਥਾ ਅਨੁਸਾਰ ਬਿਜਲੀ ਪੈਦਾ ਨਹੀਂ ਕਰ ਸਕੇ। ਇਸ ਲਈ ਪੂਰੇ ਬਿਜਲੀ ਸੰਕਟ ਦਾ ਦੋਸ਼ ਕੇਂਦਰ ਉਤੇ ਮੜ੍ਹਨਾ ਪੰਜਾਬ ਸਰਕਾਰ ਦੀ ਅਪਣੀ ਜ਼ਿੰਮੇਵਾਰੀ ਤੋਂ ਭੱਜਣ ਦੀ ਕੋਸ਼ਿਸ਼ ਹੈ। ਚੁੱਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ ਤੁਰਤ ਬਿਜਲੀ ਸੰਕਟ ਬਾਰੇ ਵ੍ਹਾਈਟ ਪੇਪਰ ਜਾਰੀ ਕਰੇ ਅਤੇ ਸੂਬੇ ਦੀ ਕੁਲ ਉਪਲਬਧ ਬਿਜਲੀ ਉਤਪਾਦਨ ਸਮਰੱਥਾ, ਸਰਕਾਰੀ ਥਰਮਲ ਪਲਾਂਟਾਂ ਦਾ ਉਤਪਾਦਨ, ਕੋਲੇ ਦਾ ਸਟਾਕ, ਕੋਲ ਇੰਡੀਆ ਵਲੋਂ ਕੀਤੀ ਕੋਲੇ ਦੀ ਪੇਸ਼ਕਸ਼ ਅਤੇ ਉਸ ਦੀ ਚੁਕਾਈ, ਨਿਜੀ ਥਰਮਲ ਪਲਾਂਟਾਂ ਦੀ ਸਥਿਤੀ, ਬਿਜਲੀ ਖ਼ਰੀਦ ਅਤੇ ਕੇਂਦਰ ਤੋਂ ਮਿਲ ਰਹੀ ਬਿਜਲੀ ਦਾ ਪੂਰਾ ਵੇਰਵਾ ਜਨਤਕ ਕਰੇ।

ਮੀਂਹ ਨੇ ਬਦਲਿਆ ਮੌਸਮ ਦਾ ਮਿਜ਼ਾਜ, ਕਈ ਜ਼ਿਲ੍ਹਿਆਂ 'ਚ ਪਿਆ ਮੀਂਹ

ਕਿ ਝੋਨੇ ਨੂੰ ਪਾਣੀ ਲਾਉਣ ਲਈ ਉਨ੍ਹਾਂ ਨੂੰ ਡੀਜ਼ਲ ਦੀ ਵਰਤੋਂ ਕਰਨੀ ਪੈ ਰਹੀ ਸੀ। ਅੱਜ ਜਿਵੇਂ ਹੀ ਅਸਮਾਨ 'ਤੇ ਬੱਦਲ ਛਾਏ ਤਾਂ ਕਿਸਾਨਾਂ ਦੇ ਚਿਹਰੇ ਖਿੜ ਗਏ ਤੇ ਜਿਥੇ-ਜਿਥੇ ਮੀਂਹ ਪਿਆ, ਉਥੇ ਤਾਂ ਕਿਸਾਨ ਬਹੁਤੇ ਹੀ ਖ਼ੁਸ਼ ਦਿਖਾਈ ਦੇ ਰਹੇ ਸਨ। ਇਸ ਦੌਰਾਨ ਚੰਡੀਗੜ੍ਹ ਵਿਚ ਸੱਭ ਤੋਂ ਵੱਧ 36.8 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਮੀਂਹ ਪੈਣ ਦੇ ਬਾਵਜੂਦ ਕੁਝ ਇਲਾਕਿਆਂ ਵਿਚ ਤਾਪਮਾਨ ਆਮ ਨਾਲੋਂ ਵੱਧ ਰਹਿਣ ਕਾਰਨ ਹੁੰਮਸ ਮਹਿਸੂਸ ਕੀਤੀ ਜਾ ਰਹੀ ਹੈ। ਇਸ ਦੌਰਾਨ ਮੌਸਮ ਵਿਭਾਗ ਦੇ ਅਨੁਸਾਰ ਸੂਬੇ ਦੇ ਕਈ ਜ਼ਿਲ੍ਹਿਆਂ 'ਚ ਬਾਰਿਸ਼ ਹੋਈ। ਜਿਸ ਕਾਰਨ ਲੋਕਾਂ ਨੂੰ ਗਰਮੀ ਅਤੇ ਹੁੰਮਸ ਤੋਂ ਰਾਹਤ ਮਿਲੀ ਹੈ। ਮੌਸਮ ਵਿਭਾਗ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਸ਼ਾਹੀ ਸ਼ਹਿਰ ਪਟਿਆਲੇ ਵਿਚ ਇਕ ਮਿਲੀਮੀਟਰ ਮੀਂਹ ਪਿਆ। ਬਠਿੰਡੇ ਵਿਚ 13 ਮਿਲੀਮੀਟਰ ਮੀਂਹ, ਫ਼ਤਿਹਗੜ੍ਹ ਸਾਹਿਬ ਵਿਚ 4.5 ਮਿਲੀਮੀਟਰ ਮੀਂਹ, ਜਦ ਕਿ ਰੋਪੜ ਵਿਚ 20 ਮਿਲੀ ਮੀਟਰ ਮੀਂਹ ਪੈਣਾ ਦਰਜ ਕੀਤਾ ਗਿਆ ਹੈ।

ਸ.ਫ਼ਾ 3 ਦੀ ਬਾਕੀ

ਮਾਤਾ ਇੰਦਰਜੀਤ ਕੌਰ ਨੂੰ ਵੱਡੀ ਗਿਣਤੀ 'ਚ ਧਾਰਮਕ, ਰਾਜਨੀਤਕ ਅਤੇ ਸਮਾਜਕ ਸ਼ਖ਼ਸੀਅਤਾਂ ਨੇ ਭੇਟ ਕੀਤੀ ਸ਼ਰਧਾਂਜਲੀ

ਨੂੰ ਅਪਣੇ ਚਰਨਾਂ ਵਿਚ ਨਿਵਾਸ ਦੇ ਕੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਸਾਬਕਾ ਜਥੇਦਾਰ ਗਿਆਨੀ ਰਘਵੀਰ ਸਿੰਘ, ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਜੀਤ ਸਿੰਘ ਝੀਂਡਾ, ਸਾਂਸਦ ਸਤਨਾਮ ਸਿੰਘ ਸੰਧੂ, ਸਾਬਕਾ ਵੀਸੀ ਡਾਕਟਰ ਜਸਪਾਲ ਸਿੰਘ, ਸਾਬਕਾ ਸਾਂਸਦ ਤਰਲੋਚਨ ਸਿੰਘ, ਵਿਵੇਕ ਕਾਲੀਆ ਓਐਸਡੀ ਹਰਿਆਣਾ, ਰਜਿੰਦਰ ਫੋਗਾਟ ਹਰਿਆਣਾ, ਡਾ. ਰਾਜ ਨਹਰੂ, ਵਰਿੰਦਰ ਸਿੰਘ ਖ਼ਾਲਸਾ, ਐਮਐਲਏ ਅਜੀਤਪਾਲ ਸਿੰਘ ਕੋਹਲੀ, ਐਮਐਲਏ ਦੇਵ ਮਾਨ, ਪ੍ਰਸਿੱਧ ਅਦਾਕਾਰ ਬਿਨੂੰ ਢਿੱਲੋਂ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋਫ਼ੈਸਰ ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫ਼ੈਸਰ ਕਿਰਪਾਲ ਸਿੰਘ ਬੰਡੂਗਰ, ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਮੇਲ ਸਿੰਘ,ਪ੍ਰਕਾਸ਼ ਸਿੰਘ ਸਾਹੂਵਾਲਾ, ਕਰਮਜੀਤ ਸਿੰਘ ਫ਼ਤਿਹਾਬਾਦ, ਇਕਬਾਲ ਸਿੰਘ ਖੋਖਰ, ਬਾਬਾ ਨਿੰਦਰ ਸਿੰਘ, ਸੁਰਿੰਦਰ ਸਿੰਘ, ਗੁਰਜਿੰਦਰ ਸਿੰਘ ਜੀਂਦ, ਹਰਮਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਸ਼ਿਵ ਸੈਨਾ ਆਗੂ ਪਵਨ ਗੁਪਤਾ, ਬ੍ਰਹਮਾ ਨੰਦ ਗਿਰੀ ਮੁਖੀ ਹਿੰਦੂ ਤਖਤ, ਮਹੰਤ ਕਰਮਜੀਤ ਸਿੰਘ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਬਾ ਰਾਜ ਸਿੰਘ ਕਾਲਝਰਾਣੀ, ਬਾਬਾ ਨੌ ਨਿਹਾਲ ਸਿੰਘ, ਚਰਨਜੀਤ ਸਿੰਘ ਬਰਾੜ, ਸੰਤ ਸ਼ਮਸ਼ੇਰ ਸਿੰਘ ਸਰਦੂਲਗੜ੍ਹ, ਵਰਿੰਦਰ ਸਿੰਘ ਵਾਲੀਆ, ਐਸਜੀਪੀਸੀ ਮੈਂਬਰ ਕੁਲਦੀਪ ਕੌਰ ਟੌਹੜਾ, ਹਰਿੰਦਰਪਾਲ ਸਿੰਘ ਟੋਹੜਾ, ਬਾਬਾ ਗੁਰਮੀਤ ਸਿੰਘ ਕਾਰ ਸੇਵਾ ਸ਼ਾਹਬਾਦ, ਸਿੱਖ ਬੁੱਧੀਜੀਵੀ ਪ੍ਰੋਫ਼ੈਸਰ ਬਲਕਾਰ ਸਿੰਘ, ਸੁਨੀਲ ਸ਼ਰਮਾ ਮੁੱਖ ਮੰਤਰੀ ਹਰਿਆਣਾ ਦੇ ਪੀਐਸ, ਨੀਲਧਾਰੀ ਸੰਪਰਦਾ, ਸਾਬਕਾ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ, ਪ੍ਰੋਫ਼ੈਸਰ ਉਂਕਾਰ ਸਿੰਘ, ਵਾਈਸ ਚਾਂਸਲਰ ਡਾ. ਸਰਬਜਿੰਦਰ ਸਿੰਘ, ਪੰਜਾਬੀ ਕਲਾਕਾਰ ਪੰਮੀ ਬਾਈ, ਡਾਕਟਰ ਮਨਮੋਹਨ ਸਿੰਘ, ਡਾਕਟਰ ਗੁਰਮੋਨ ਸਿੰਘ ਵਾਲੀਆ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੇ ਸਪੁੱਤਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਖੁਰਾਣਾ, ਬਖ਼ਸ਼ੀ ਮਨਦੀਪ ਕੌਰ ਇਸਤਰੀ ਵਿੰਗ ਪ੍ਰਧਾਨ ਦਿੱਲੀ, ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ, ਸਪੈਸ਼ਲ ਡੀਜੀਪੀ ਪੰਜਾਬ ਏਐਸ ਰਾਏ, ਐਮਐਲਏ ਕਮਲਜੀਤ ਸਿੰਘ ਅਜਰਾਨਾ, ਡਾਕਟਰ ਨੀਲਮ ਚੇਅਰਮੈਨ ਬੜੂ ਸਾਹਿਬ ਟਰਸਟ, ਅਦਾਕਾਰ ਗੁਰਪ੍ਰੀਤ ਸਿੰਘ ਘੁੱਗੀ, ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾਕਟਰ ਜਗਦੀਪ ਸਿੰਘ, ਹਰਪ੍ਰੀਤ ਸਿੰਘ ਦਰਦੀ ਸਮੇਤ ਵੱਡੀ ਗਿਣਤੀ ਵਿਚ ਆਗੂ ਮੌਜੂਦ ਰਹੇ।

ਅਰਜੀਆਂ ਦੀ ਮੰਗ

ਦੀ ਘੁਮੰਡਗੜ੍ਹ ਬਹੁ ਮੰਤਵੀ ਸਹਿਕਾਰੀ ਖੇਤੀਬਾੜੀ ਸਰਵਿਸ ਸਭਾ ਲਿਮਿਟਿਡ ਘੁਮੰਡਗੜ੍ਹ ਵੱਲੋਂ ਸਭਾ ਦੇ ਦਾਇਰਾ ਕਾਰੋਬਾਰ ਅੰਦਰ ਆਉਂਦੇ ਪਿੰਡਾਂ ਵਿੱਚੋ ਸੈਲਜ਼ਮੈਨ ਦੀ ਆਸਾਮੀ ਲਈ ਅਰਜ਼ੀਆਂ ਮਿੱਤੀ 28/09/26 ਤੱਕ ਸਭਾ ਦੇ ਦਫਤਰ ਪਿੰਡ ਘੁਮੰਡਗੜ੍ਹ ਵਿਖੇ ਜਮਾਂ ਕਰਵਾਈਆਂ ਜਾ ਸਕਦੀਆਂ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਸਭਾ ਦੇ ਮੁੱਖ ਦਫਤਰ ਪਿੰਡ ਘੁਮੰਡਗੜ੍ਹ ਵਿਖੇ ਕੰਮ ਕਾਰ ਵਾਲੇ ਦਿਨ ਲਈ ਜਾ ਸਕਦੀ ਹੈ।

ਤਸਦੀਕ :- ਸਕੱਤਰ ਸਭਾ
ਫੋਨ :- 9915109480

ਸੜਕ ਹਾਦਸੇ 'ਚ ਮਾਤਾ ਵੈਸ਼ਨੋ ਦੇਵੀ ਤੋਂ ਪਰਤ ਰਹੇ ਦੋ ਸ਼ਰਧਾਲੂਆਂ ਦੀ ਮੌਤ

ਜਲੰਧਰ, 13 ਸਤੰਬਰ (ਪਪ): ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇਅ 'ਤੇ ਭੋਗਪੁਰ ਵਿਖੇ ਦਾਣਾ ਮੰਡੀ ਦੇ ਸਾਹਮਣੇ ਦੇਰ ਰਾਤ ਇਕ ਭਿਆਨਕ ਸੜਕ ਹਾਦਸਾ ਵਾਪਰਿਆ, ਜਿਸ 'ਚ ਅਣਪਛਾਤੇ ਵਾਹਨ ਦੀ ਟੱਕਰ ਨਾਲ ਟਰੈਕਟਰ-ਟਰਾਲੀ ਸਵਾਰ 2 ਵਿਅਕਤੀਆਂ ਦੀ ਮੌਤ ਹੋ ਗਈ ਅਤੇ 1 ਸਾਥੀ ਜ਼ਖ਼ਮੀ ਹੋ ਗਿਆ। ਮ੍ਰਿਤਕਾਂ ਦੀ ਪਛਾਣ ਬ੍ਰਿਜ ਮੋਹਨ ਪੁੱਤਰ ਰਾਮ ਕਲਾ ਸ਼ਰਮਾ ਨਿਵਾਸੀ ਪੁਆਰਕਾ ਸਹਾਰਨਪੁਰ ਅਤੇ ਮਹੀਪਾਲ (53) ਵਾਸੀ ਸਦਾਰਪੁਰਾ ਥਾਣਾ ਗੰਗੂ, ਜ਼ਿਲ੍ਹਾ ਸਹਾਰਨਪੁਰ ਉੱਤਰ ਪ੍ਰਦੇਸ਼ ਵਜੋਂ ਹੋਈ ਹੈ। ਇਹ ਸਾਰੇ ਸ਼ਰਧਾਲੂ ਸਹਾਰਨਪੁਰ ਤੋਂ ਟਰੈਕਟਰ 'ਤੇ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਗਏ ਸਨ ਅਤੇ ਮੱਥਾ ਟੇਕ ਕੇ ਵਾਪਸ ਪਰਤ ਰਹੇ ਸਨ। ਦੇਰ ਰਾਤ ਲਗਭਗ 1 ਵਜੇ ਦਾਣਾ ਮੰਡੀ ਭੋਗਪੁਰ ਦੇ ਸਾਹਮਣੇ ਇਕ ਅਣਪਛਾਤੇ ਵਾਹਨ ਨੇ ਟਰੈਕਟਰ ਨੂੰ ਜ਼ੋਰਦਾਰ ਟੱਕਰ ਮਾਰ ਦਿਤੀ। ਟੱਕਰ ਲੱਗਣ ਕਾਰਨ ਮਡਗਾਰਡ 'ਤੇ ਬੈਠੇ ਲੋਕ ਉਛਲ ਕੇ ਸੜਕ 'ਤੇ ਜਾ ਡਿੱਗੇ, ਜਿਸ ਨਾਲ ਸਿਰ 'ਤੇ ਗੰਭੀਰ ਸੱਟਾਂ ਲੱਗਣ ਅਤੇ ਜ਼ਿਆਦਾ ਖ਼ੂਨ ਵਹਿਣ ਕਾਰਨ ਦੋਵਾਂ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸੜਕ ਸੁਰੱਖਿਆ ਫੋਰਸ ਅਤੇ ਭੋਗਪੁਰ ਪੁਲਿਸ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਜ਼ਖ਼ਮੀਆਂ ਨੂੰ ਭੋਗਪੁਰ ਦੇ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿਤਾ। ਭੋਗਪੁਰ ਥਾਣੇ ਦੇ ਜਾਂਚ ਅਧਿਕਾਰੀ ਤਲਵਿੰਦਰ ਨੇ ਦਸਿਆ ਕਿ ਦੋਵਾਂ ਮ੍ਰਿਤਕਾਂ ਦੀਆਂ ਦੇਹਾਂ ਨੂੰ ਜਲੰਧਰ ਸਿਵਲ ਹਸਪਤਾਲ ਦੀ ਮੋਰਚਰੀ ਵਿਚ ਰਖਵਾਇਆ ਗਿਆ ਹੈ ਅਤੇ ਪਰਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿਤਾ ਗਿਆ ਹੈ। ਪੋਸਟਮਾਰਟਮ ਤੋਂ ਬਾਅਦ ਦੇਹਾਂ ਵਾਰਸਾਂ ਦੇ ਸਪੁਰਦ ਕੀਤੀਆਂ ਜਾਣਗੀਆਂ। ਪੁਲਿਸ ਹਾਈਵੇਅ 'ਤੇ ਸਥਿਤ ਦੁਕਾਨਾਂ ਦੇ ਸੀ.ਸੀ.ਟੀ.ਵੀ. ਫ਼ੁਟੇਜ ਖੰਗਾਲ ਰਹੀ ਹੈ ਤਾਂ ਜੋ ਅਣਪਛਾਤੇ ਵਾਹਨ ਦਾ ਪਤਾ ਲਗਾਇਆ ਜਾ ਸਕੇ ਅਤੇ ਅਣਪਛਾਤੇ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰ ਕੇ ਜਾਂਚ ਅੱਗੇ ਵਧਾਈ ਜਾ ਰਹੀ ਹੈ।

ਪਾਵਰਗ੍ਰਿਡ ਵਾਟ੍ਰਾਮਨ ਟਰਾਂਸਮਿਸ਼ਨ ਲਿਮਟਿਡ
[6 TBCB ਟਰਾਂਸਮਿਸ਼ਨ ਸਿਸਟਮ ਪ੍ਰੋਜੈਕਟਾਂ ਲਈ ਪਾਵਰ ਗ੍ਰਿਡ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ
(ਭਾਰਤ ਸਰਕਾਰ ਦਾ 'ਮਹਾਰਤਨ' CPSE) ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ]
ਰਜਿਸਟਰਡ ਦਫ਼ਤਰ:B-9, ਕੁਤੁਬ ਇੰਸਟੀਚਿਊਸ਼ਨਲ ਏਰੀਆ, ਕਟਵਾਰੀਆ ਸਰਾਏ, ਨਵੀਂ ਦਿੱਲੀ 110016

ਨੋਟਿਸ

1. ਉਪਰੋਕਤ ਪਟੀਸ਼ਨਰ ਨੇ **"M/s ReNew Solar (Shakti Six) Pvt. Ltd"** ਦੇ ਆਪਸੀ ਸੰਪਰਕ (**interconnection**) ਲਈ 765/400/220 **kV** ਭਾਦਲਾ-**III PS** ਵਿਖੇ 400 **kV** ਲਾਈਨ ਬੇਅ (**line bay**) ਦੀ ਇੱਕ ਇਕਾਈ (**01 no.**) ਸਥਾਪਤ ਕਰਨ ਲਈ, **DOCO** ਤੋਂ 31-03-2029 ਤੱਕ ਟੈਰਿਫ (ਦਰ) ਨਿਰਧਾਰਤ ਕਰਨ ਵਾਸਤੇ ਸੈਂਟਰਲ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ, ਨਵੀਂ ਦਿੱਲੀ ਦੇ ਸਾਹਮਣੇ ਇੱਕ ਪਟੀਸ਼ਨ ਦਾਇਰ ਕੀਤੀ ਹੈ।
2. ਟਰਾਂਸਮਿਸ਼ਨ ਸਿਸਟਮ ਦੇ ਲਾਭਪਾਤਰੀ ਹੇਠ ਲਿਖੇ ਹਨ: (a) ਅਜਮੇਰ ਵਿਦਯੁਤ ਵਿਤਰਣ ਨਿਗਮ ਲਿਮਟਿਡ (b) ਜੈਪੁਰ ਵਿਦਯੁਤ ਵਿਤਰਣ ਨਿਗਮ ਲਿਮਟਿਡ (c) ਜੋਧਪੁਰ ਵਿਦਯੁਤ ਵਿਤਰਣ ਨਿਗਮ ਲਿਮਟਿਡ (d) ਪੰਜਾਬ ਸਟੇਟ ਇਲੈਕਟ੍ਰੀਸਿਟੀ ਕਾਰਪੋਰੇਸ਼ਨ ਲਿਮਟਿਡ (e) ਹਰਿਆਣਾ ਪਾਵਰ ਪਰਚੇਜ਼ ਸੈਂਟਰ (f) ਜੰਮੂ ਅਤੇ ਕਸ਼ਮੀਰ ਪਾਵਰ ਕਾਰਪੋਰੇਸ਼ਨ ਲਿਮਟਿਡ (g) ਉੱਤਰ ਪ੍ਰਦੇਸ਼ ਪਾਵਰ ਕਾਰਪੋਰੇਸ਼ਨ ਲਿਮਟਿਡ (h) **BSES** ਯਮੁਨਾ ਪਾਵਰ ਲਿਮਟਿਡ (i) **BSES** ਰਾਜਧਾਨੀ ਪਾਵਰ ਲਿਮਟਿਡ (j) ਟਾਟਾ ਪਾਵਰ ਦਿੱਲੀ ਡਿਸਟ੍ਰੀਬਿਊਸ਼ਨ ਲਿਮਟਿਡ (k) ਚੰਡੀਗੜ੍ਹ ਬਿਜਲੀ ਵਿਭਾਗ (l) ਉੱਤਰਾਂਚਲ ਪਾਵਰ ਕਾਰਪੋਰੇਸ਼ਨ ਲਿਮਟਿਡ (m) ਉੱਤਰੀ ਕੇਂਦਰੀ ਰੇਲਵੇ (n) ਨਵੀਂ ਦਿੱਲੀ ਮਿਉਂਸਪਲ ਕੌਂਸਲ (o) ਹਿਮਾਚਲ ਪ੍ਰਦੇਸ਼ ਰਾਜ ਬਿਜਲੀ ਬੋਰਡ (p) ਸੈਂਟਰਲ ਟ੍ਰਾਂਸਮਿਸ਼ਨ ਯੂਟਿਲਿਟੀ ਆਫ ਇੰਡੀਆ ਲਿਮਟਿਡ (q) **RENEW SOLAR (SHAKTI SIX)** ਪ੍ਰਾਈਵੇਟ ਲਿਮਟਿਡ
3. ਐਸਟ ਦਾ ਵੇਰਵਾ:

ਐਸਟ ਨੰ.	ਐਸਟ ਨਾਮ	ਐਸਸੀਓਡੀ	ਸੀਓਡੀ	ਐਫਆਰ ਲਾਗਤ	ਡੀਓਸੀਓ ਲਾਗਤ	ਮੁਕੰਮਲ ਹੋਣ ਦੀ ਲਾਗਤ
ਐਸਟ 1	M/s ReNew Solar (Shakti Six) Pvt.Ltd ਦੇ ਆਪਸੀ ਸੰਪਰਕ ਲਈ 765/400/220 kV ਭਾਦਲਾ-III PS ਵਿਖੇ 400 kV ਲਾਈਨ ਬੇਅ ਦੀ ਇੱਕ ਇਕਾਈ	31.03.2026	09.06.2026 (Proposed)	1849.72	767.19	2077.38

4. ਟੈਰਿਫ਼ ਵੇਰਵੇ : ਰੁ. ਲੱਖਾਂ ਵਿੱਚ

ਐਸਟਸ	2024-25	2025-26	2026-27	2027-28	2028-29
ਐਸਟ 1	-	-	173.81	294.83	317.65

5. ਟੈਰਿਫ ਨਿਰਧਾਰਤ ਕਰਨ ਲਈ ਦਾਇਰ ਕੀਤੀ ਗਈ ਪਟੀਸ਼ਨ ਦੀ ਇੱਕ ਕਾਪੀ ਵੈੱਬਸਾਈਟ **https://www.powergrid.in/en/powergrid-ramgrah-transmission-system-limited-0** 'ਤੇ ਉਪਲਬਧ ਕਰਵਾਈ ਗਈ ਹੈ।
6. ਪਟੀਸ਼ਨ ਵਿੱਚ ਸ਼ਾਮਲ ਟੈਰਿਫ ਨਿਰਧਾਰਤ ਕਰਨ ਦੇ ਪ੍ਰਸਤਾਵਾਂ 'ਤੇ ਸੁਝਾਅ ਅਤੇ ਇਤਰਾਜ਼ (ਜੇ ਕੋਈ ਹੋਣ) ਕਿਸੇ ਵੀ ਵਿਅਕਤੀ (ਲਾਭਪਾਤਰੀ ਸਮੇਤ) ਦੁਆਰਾ ਕਮਿਸ਼ਨ ਦੇ ਈ-ਫਾਈਲਿੰਗ ਪੋਰਟਲ ਰਾਹੀਂ ਦਾਇਰ ਕੀਤੇ ਜਾ ਸਕਦੇ ਹਨ; ਇਸ ਦੇ ਨਾਲ ਹੀ ਪਟੀਸ਼ਨਕਰਤਾ ਨੂੰ ਵੀ ਇਸਦੀ ਇੱਕ ਕਾਪੀ ਭੇਜਣੀ ਹੋਵੇਗੀ ਅਤੇ ਇਹ ਸਭ ਇਸ ਨੋਟਿਸ ਦੇ ਪ੍ਰਕਾਸ਼ਨ ਦੇ 30 ਦਿਨਾਂ ਦੇ ਅੰਦਰ-ਅੰਦਰ ਕੀਤਾ ਜਾਣਾ ਚਾਹੀਦਾ ਹੈ।

ਸਹੀ/-
ਸੰਜੇ ਕੁਮਾਰ ਗੁਪਤਾ
ਪ੍ਰੋਜੈਕਟ ਇੰਚਾਰਜ (BA: ਭਾਦਲਾ III)

ਸਥਾਨ : ਸੀਕਰ
ਮਿਤੀ: 04.09.2026

PG/CC/Notice-53/Advt-73/2026-27-Alaknanda

ਹਿੰਦੂਜਾ ਹਾਊਸਿੰਗ ਫਾਈਨਾਂਸ ਲਿਮਟਿਡ
HINDUJA HOUSING FINANCE
ਕਾਰਪੋਰੇਟ ਦਫ਼ਤਰ : ਨੰ. 167-169, ਦੂਜੀ ਮੰਜ਼ਿਲ, ਅੰਨਾ ਸਲਾਈ, ਸੈਦਾਪਤ, ਚੇਨੰਈ-600015
ਬਰਾਂਚ ਦਫ਼ਤਰ : ਦਫਤਰ: ਸ਼ੋਅ ਰੂਮ 01, ਟਾਪ ਫਲੋਰ, ਸਨਰਾਈਜ਼ ਐਨਕਲੇਵ,
ਸੈਕਟਰ 127, ਖਰੜ, ਪੰਜਾਬ-140301
ਈਮੇਲ: auction@hindujahousingfinance.com
RRM - Vipin Verma - 9140185999 • CRM - Rahul Sharma - 9815400176

ਅੰਤਿਕਾ IV-A [ਰੂਲ 8(6) ਦੀ ਧਾਰਾ ਦਾ ਹਵਾਲਾ ਲਓ] ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਸੂਚਨਾ

ਸਕਿਊਰਿਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 (ਜਿਸ ਨੂੰ ਪਿਛੋਂ 'ਦ ਐਕਟ' ਦਾ ਹਵਾਲਾ ਦਿੱਤਾ ਗਿਆ) ਦੇ ਰੂਲ 8(6) ਦੀ ਧਾਰਾ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਤੇ ਰੀਕਨਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਕਿਊਰਟੀ ਇੰਟਰਸਟ ਐਕਟ 2002 (ਜਿਸ ਨੂੰ ਪਿਛੋਂ 'ਦ ਐਕਟ' ਕਿਹਾ ਗਿਆ) ਅਧੀਨ ਅਚੱਲ ਐਸਟਸ ਦੀ ਵਿਕਰੀ ਲਈ ਈ ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ(ਆਂ) ਅਤੇ ਗਾਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ ਹੈ/ਚਾਰਜ ਕੀਤੀ ਗਈ ਹੈ, ਜਿਸਦਾ ਕਬਜ਼ਾ ਹਿੰਦੂਜਾ ਹਾਊਸਿੰਗ ਫਾਈਨੈਂਸ ਲਿਮਟਿਡ (ਸੁਰੱਖਿਅਤ ਲੈਣਦਾਰ) ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ ਜਿਸਦਾ ਕਾਰਪੋਰੇਟ ਦਫਤਰ 167-169, ਦੂਜੀ ਮੰਜ਼ਿਲ, ਲਿਟਲ ਮਾਊਂਟ, ਸੈਦਾਪੇਟ, ਚੇਨਈ - 600015 ਅਤੇ ਇਸਦਾ ਇੱਕ ਦਫਤਰ: ਸ਼ੋਅਰੂਮ ਨੰ. 1, ਟਾਪ ਫਲੋਰ, ਸਨਰਾਈਜ਼ ਐਨਕਲੇਵ, ਸੈਕਟਰ 127, ਖਰੜ, ਪੰਜਾਬ-140301 'ਤੇ ਸਥਿਤ ਹੈ, ਕਰਜ਼ਦਾਰਾਂ ਅਤੇ ਗਰੰਟਰਾਂ ਤੋਂ ਸਕਿਓਰਡ ਕ੍ਰੈਡੀਟਰ ਦੀ ਬਕਾਇਆ ਰਕਮ ਦੀ ਪ੍ਰਾਪਤੀ ਲਈ ਹੇਠਾਂ ਦੱਸੀਆਂ ਮਿਤੀਆਂ 'ਤੇ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਕੁਝ ਹੈ' ਦੇ ਆਧਾਰ 'ਤੇ ਵੇਚਿਆ ਜਾਵੇਗਾ। ਇਹ ਵਿਕਰੀ ਅਧਿਕਾਰਤ ਅਧਿਕਾਰੀ ਦੁਆਰਾ ਵੈੱਬਸਾਈਟ 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ :www.bankeauctions.com

ਜਾਇਦਾਦ ਦੀ ਪੜਤਾਲ ਦੀ ਮਿਤੀ : 28.09.2026, 14:00 ਵਜੇ ਤੋਂ 17.00 ਵਜੇ
ਈਐਮਡੀ ਜਮ੍ਹਾਂ ਕਰਨ ਦੀ ਆਖਰੀ ਮਿਤੀ : 29.09.2026 ਨੂੰ 17:00 ਵਜੇ ਤੱਕ
ਈ-ਨਿਲਾਮੀ ਦੀ ਮਿਤੀ/ਸਮਾਂ: 30.09.2026 ਨੂੰ 11:00 ਵਜੇ ਤੋਂ 13.00 ਵਜੇ

ਲੜੀ ਨੰ.	ਲੋਨ ਖਾਤਾ ਨੰਬਰ ਅਤੇ ਕਰਜ਼ਦਾਰ(ਾਂ)/ਸਹਿ ਕਰਜ਼ਦਾਰ(ਾਂ)/ ਗਰੰਟਰ(ਾਂ) ਦਾ ਨਾਮ	13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ TOS as on ...	ਕਬਜੇ ਦੀ ਕਿਸਮ ਅਤੇ ਮਿਤੀ	ਰਾਖਵੀਂ ਕੀਮਤ (ਈਐਮਡੀ) ਬੋਲੀ ਵਾਧਾ ਰਕਮ
1.	ਲੋਨ ਨੰ: PJ/LUD/LUDN/A000000001 ਕਪਿਲਦੇਵ ਪ੍ਰਸਾਦ(ਕਰਜ਼ਦਾਰ), ਬਬੀਤਾ (ਸਹਿ ਕਰਜ਼ਦਾਰ)	21.08.2024 & Rs. 8,28,613/- as on 17 August 2024 Rs. 8,51,721/- as on 01-09-2026	16-12-2025 ਭੌਤਿਕ ਕਬਜਾ	Rs. 8,45,640 Rs. 84,564/- Rs. 10,000/-
ਜਾਇਦਾਦ ਦੇ ਵੇਰਵੇ: ਸਾਰੇ ਅਹਿਮ ਅਤੇ ਜ਼ਰੂਰੀ ਹਿੱਸੇ ਜਾਇਦਾਦ ਨੰ ਗਲੀ ਨੰ 4, ਗੁਰਮੇਲ ਨਗਰ, ਨੇੜੇ ਸ੍ਰੀ ਰਾਮ ਕਲਾਥ ਹਾਊਸ, ਦਾਬਾ ਰੋਡ, ਲੋਹਾਰਾ ਖਸਰਾ ਨੰ 841/1, 840/2, ਖਾਤਾ ਨੰ 313/347, 390/433 ਪੰਨਾ ਨੰ 791, 1010, ਜਮਾਂਬੰਦੀ ਸਾਲ 2009-2010, ਵਾਕਿਆ ਪਿੰਡ ਲੋਹਾਰਾ ਹਦਬਸਤ ਨੰ 260, ਅਬਾਦੀ ਗੁਰਮੇਲ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਵਸੀਕਾ ਨੰ 2020-21/103/1, ਸੈਮੀਅਰਬਨ, ਲੁਧਿਆਣਾ ਪੰਜਾਬ ਭਾਰਤ 141001ਵਦੇਸੀ ਯਾਦਵ				
2.	LAN No: PJ/LUD/LUDN/A000000321, ਵਦੇਸੀ ਯਾਦਵ (ਕਰਜ਼ਦਾਰ), ਅਨੀਤਾ ਦੇਵੀ (ਸਹਿ ਕਰਜ਼ਦਾਰ)	08.05.2024 & Rs. 12,76,815/- as on 30-04-2024 Rs. 14,15,619/- as on 01-09-2026	12-03-2026 ਭੌਤਿਕ ਕਬਜਾ	Rs. 15,81,800/- Rs. 1,58,180/- Rs. 10,000/-
ਅਚੱਲ ਜਾਇਦਾਦ ਦੇ ਵੇਰਵੇ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਜੋ ਸ਼ਾਮਲ ਹੈ ਵਿਚ ਖਾਤਾ ਨੰ 105/114, ਖਸਰਾ ਨੰ. 17(5-11), ਹੱਦਬਸਤ ਨੰ. 317, ਜਮਾਂਬੰਦੀ ਸਾਲ 2013-2014 ਅਨੁਸਾਰ, ਵਾਕਿਆ ਰਬਕਾ ਬਿਲਾਸਪੁਰ ਜਾਇਦਾਦ ਸਥਿਤ ਹੈ ਵਾਰਡ ਨੰ. 9, ਬਿਲਾਸਪੁਰ, ਖਮਾਣੋਂ, ਨੇੜੇ ਗ੍ਰੀਨ ਕਾਲੋਨੀ, ਤਹਿਸੀਲ ਖਮਾਣੋਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ ਵਿਖੇ				

ਅਦਾਇਗੀ ਦਾ ਤਰੀਕਾ : ਅਦਾਇਗੀ ਡਿਮਾਂਡ ਡਰਾਫਟ ਰਾਹੀਂ ਹਿੰਦੂਜਾ ਹਾਊਸਿੰਗ ਫਾਈਨਾਂਸ ਲਿਮਟਿਡ ਦੇ ਪੱਖ ਵਿਚ ਐਨਈਐਫਟੀ/ਆਰਟੀਜੀਐਸ/ਆਈਐਮਪੀਐਸ ਰਾਹੀਂ ਜਾਂ ਪੰਜਾਬ ਦਫ਼ਤਰ ਵਿਖੇ ਅਦਾਇਗੀਯੋਗ ਹੋਵੇਗੀ।

ਆਨਲਾਈਨ ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ: 1. ਜਾਇਦਾਦ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ', 'ਜੋ ਕੁਝ ਹੈ ਉੱਥੇ ਹੈ' ਅਤੇ 'ਬਿਨਾਂ ਸਹਾਰਾ' ਦੇ ਆਧਾਰ 'ਤੇ ਵੇਚੀ ਜਾ ਰਹੀ ਹੈ ਕਿਉਂਕਿ ਇਹ ਵਿਕਰੀ ਕਿਸੇ ਵੀ ਕਿਸਮ ਦੀ ਵਾਰੰਟੀ ਅਤੇ ਮੁਆਵਜ਼ੇ ਤੋਂ ਬਿਨਾਂ ਹੈ। 2. ਜਾਇਦਾਦ/ਸੰਪਤੀਆਂ ਦੇ ਵੇਰਵੇ (ਜਿਵੇਂ ਕਿ ਈ-ਨਿਲਾਮੀ ਵਿਕਰੀ ਨੋਟਿਸ ਵਿੱਚ ਦਰਸਾਏ ਗਏ ਹੱਦ ਅਤੇ ਮਾਪ ਸੁਰੱਖਿਅਤ ਲੈਣਦਾਰ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ ਅਤੇ ਸੁਰੱਖਿਅਤ ਲੈਣਦਾਰ ਕਿਸੇ ਵੀ ਗਲਤੀ, ਗਲਤ ਬਿਆਨ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। ਅਸਲ ਮੌਜੂਦਾ ਅਤੇ ਮਾਪ ਵੱਖਰੇ ਹੋ ਸਕਦੇ ਹਨ। 3. ਸੁਰੱਖਿਅਤ ਲੈਣਦਾਰ ਦੁਆਰਾ ਜਾਰੀ ਕੀਤਾ ਗਿਆ ਈ-ਨਿਲਾਮੀ ਵਿਕਰੀ ਨੋਟਿਸ ਆਮ ਜਨਤਾ ਨੂੰ ਆਪਣੀਆਂ ਬੋਲੀਆਂ ਜਮ ?ਹਾਂ ਕਰਾਉਣ ਦਾ ਸੱਦਾ ਹੈ ਅਤੇ ਇਹ ਸੁਰੱਖਿਅਤ ਲੈਣਦਾਰ ਵੱਲੋਂ ਕਿਸੇ ਵੀ ਵਚਨਬੱਧਤਾ ਜਾਂ ਕਿਸੇ ਵੀ ਪ੍ਰਤੀਨਿਧਤਾ ਦਾ ਗਠਨ ਨਹੀਂ ਕਰਦਾ ਹੈ ਅਤੇ ਨਾ ਹੀ ਮੰਨਿਆ ਜਾਵੇਗਾ। ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੁਰੱਖਿਅਤ ਲੈਣਦਾਰ ਨਾਲ ਟਾਈਟਲ ਡੀਡਾਂ ਦੀ ਪੜਚੋਲ ਕਰਨ ਅਤੇ ਬੋਲੀ ਜਮਾਂ ਕਰਨ ਤੋਂ ਪਹਿਲਾਂ ਜਾਇਦਾਦ/ਸੰਪਤੀਆਂ ਦੀ ਟਾਈਟਲ ਅਤੇ ਮੌਜੂਦਾ ਸਥਿਤੀ ਅਤੇ ਜਾਇਦਾਦ ਨੂੰ ਪ੍ਰਭਾਵਿਤ ਕਰਨ ਵਾਲੇ ਦਾਅਵਿਆਂ/ਬਕਾਇਆਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ/ਉਚਿਤ ਮਿਹਨਤ ਕਰਨ। 4. ਨਿਲਾਮੀ/ਬੋਲੀ ਸਿਰਫ਼ 'ਆਨਲਾਈਨ ਇਲੈਕਟ੍ਰਾਨਿਕ ਮੋਡ' ਰਾਹੀਂ ਵੈੱਬਸਾਈਟ **auction@hindujahousingfinance.com** ਅਤੇ **https://www.bankeauctions.com/** ਰਾਹੀਂ ਹੋਵੇਗੀ ਜਾਂ ਸੇਵਾ ਪ੍ਰਦਾਤਾ **C1 India PVT LTD** ਦੁਆਰਾ ਪ੍ਰਦਾਨ ਕੀਤੀ ਗਈ ਨਿਲਾਮੀ, ਜੋ ਈ-ਨਿਲਾਮੀ ਪਲੇਟਫਾਰਮ ਰਾਹੀਂ ਨਿਲਾਮੀ ਦੀ ਪੂਰੀ ਪ੍ਰਕਿਰਿਆ ਦਾ ਪ੍ਰਬੰਧ ਅਤੇ ਤਾਲਮੇਲ ਕਰੇਗੀ। 5. ਬੋਲੀਕਾਰ ਆਪਣੀ ਪਸੰਦ ਦੀ ਜਗ੍ਹਾ ਤੋਂ ਬੋਲੀ ਲਈ ਈ-ਨਿਲਾਮੀ ਵਿੱਚ ਹਿੱਸਾ ਲੈ ਸਕਦੇ ਹਨ। ਇੰਟਰਨੈੱਟ ਕਨੈਕਟੀਵਿਟੀ ਬੋਲੀਕਾਰ ਦੁਆਰਾ ਖੁਦ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਸੁਰੱਖਿਅਤ ਕਰਜ਼ਾਦਾਤਾ/ਸੇਵਾ ਪ੍ਰਦਾਤਾ ਇੰਟਰਨੈੱਟ ਕਨੈਕਟੀਵਿਟੀ, ਨੈੱਟਵਰਕ ਸਮੱਸਿਆਵਾਂ, ਆਪਣੇ ਸਿਸਟਮ ਕਰੈਸ਼, ਬਿਜਲੀ ਫੇਲ੍ਹ ਹੋਣ ਆਦਿ ਲਈ ਜ਼ਿੰਮੇਵਾਰ ਨਹੀਂ ਹੋਣਗੇ। 6. ਈ-ਨਿਲਾਮੀ 'ਤੇ ਵੇਰਵਿਆਂ, ਮਦਦ, ਪ੍ਰਕਿਰਿਆ ਅਤੇ ਆਨਲਾਈਨ ਬੋਲੀ ਲਈ ਸੰਭਾਵੀ ਬੋਲੀਕਾਰ ਸੇਵਾ ਪ੍ਰਦਾਤਾ **C1 INDIA PVT.LTD.605A, Add: C1 INDIA PVT.LTD.** ਪਲਾਟ ਨੰ. 68 ਤੀਜੀ ਮੰਜ਼ਿਲ, ਸੈਕਟਰ-44, ਗੁੜਗਾਓਂ, ਹਰਿਆਣਾ-122003, (ਸੰਪਰਕ ਵਿਅਕਤੀ : ਮਿਥਲੇਸ਼ ਕੁਮਾਰ, ਫ਼ੋਨ ਨੰਬਰ 7080804466, ਈਮੇਲ: **delhi@c1india.com**, ਸਹਾਇਤਾ ਮੋਬਾਈਲ ਨੰਬਰ: 7291981124/1125/1126) ਨਾਲ ਸੰਪਰਕ ਕਰ ਸਕਦੇ ਹਨ। 7. ਈ-ਨਿਲਾਮੀ ਵਿੱਚ ਹਿੱਸਾ ਲੈਣ ਲਈ, ਇੱਛੁਕ ਬੋਲੀਕਾਰਾਂ ਨੂੰ ਆਪਣਾ ਨਾਮ **https://www.bankeauctions.com/** ਅਤੇ **auction@hindujahousingfinance.com** 'ਤੇ ਪਹਿਲਾਂ ਤੋਂ ਰਜਿਸਟਰ ਕਰਵਾਉਣਾ ਚਾਹੀਦਾ ਹੈ ਅਤੇ ਯੂਜ਼ਰ ਆਈਡੀ ਅਤੇ ਪਾਸਵਰਡ ਪ੍ਰਾਪਤ ਕਰਨਾ ਹੋਵੇਗਾ। ਇੱਛੁਕ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੇਵਾ ਪ੍ਰਦਾਤਾ ਤੋਂ ਪ੍ਰਾਪਤ ਹੋਣ 'ਤੇ ਤੁਰੰਤ ਪਾਸਵਰਡ ਬਦਲਣ। 8. ਈ-ਨਿਲਾਮੀ ਵਿੱਚ ਹਿੱਸਾ ਲੈਣ ਲਈ, ਇੱਛੁਕ ਬੋਲੀਕਾਰਾਂ ਨੂੰ ਇੱਕ ਰਿਫੰਡੇਬਲ ਅਰਨੈਸਟ ਮਨੀ ਡਿਪਾਜ਼ਿਟ (**EMD**) ਜਮ੍ਹਾ ਕਰਵਾਉਣਾ ਪਵੇਗਾ ਭਾਵ ਰਿਜ਼ਰਵ ਕੀਮਤ ਦਾ 10% (ਜਿਵੇਂ ਕਿ ਉੱਪਰ ਦੱਸਿਆ ਗਿਆ ਹੈ) ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਦੁਆਰਾ 'ਹਿੰਦੂਜਾ ਹਾਊਸਿੰਗ ਫਾਈਨੈਂਸ ਲਿਮਟਿਡ' ਦੇ ਹੱਕ ਵਿੱਚ ਡਿਮਾਂਡ ਡਰਾਫਟ ਰਾਹੀਂ ਭੁਗਤਾਨਯੋਗ ਹੋਵੇਗਾ। 9. ਇੱਛੁਕ ਬੋਲੀਕਾਰਾਂ ਨੂੰ ਈਐਮਡੀ ਲਈ ਸੀਲਬੰਦ ਲਿਫ਼ਾਫ਼ੇ ਵਿੱਚ ਈਐਮਡੀ ਲਈ ਡਿਮਾਂਡ ਡਰਾਫਟ ਭੇਜਣ ਦੇ ਨਾਲ-ਨਾਲ,ਦਫਤਰ : ਸ਼ੋਅਰੂਮ ਨੰ. 1, ਟਾਪ ਫਲੋਰ, ਸਨਰਾਈਜ਼ ਐਨਕਲੇਵ, ਸੈਕਟਰ 127, ਖਰੜ, ਪੰਜਾਬ-140301 'ਤੇ ਸਥਿਤ, ਇੱਕ ਸੀਲਬੰਦ ਕਵਰ ਵਿੱਚ ਜਮ੍ਹਾ ਕਰਵਾਉਣਾ ਚਾਹੀਦਾ ਹੈ। 10. ਸੀਲਬੰਦ ਕਵਰ 'ਤੇ ਜਾਇਦਾਦ ਦੇ ਲੋਨ ਅਕਾਊਂਟ ਨੰਬਰ (ਜਿਵੇਂ ਕਿ ਉੱਪਰ ਦੱਸਿਆ ਗਿਆ ਹੈ) ਵਿੱਚ 'ਈ-ਨਿਲਾਮੀ ਵਿਕਰੀ ਵਿੱਚ ਹਿੱਸਾ ਲੈਣ ਲਈ ਬੋਲੀ' ਲਿਖਿਆ ਹੋਣਾ ਚਾਹੀਦਾ ਹੈ। ਈਐਮਡੀ ਨਾਲ ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਦੀ ਸਮਾਪਤੀ ਤੋਂ ਬਾਅਦ, ਅਧਿਕਾਰਤ ਅਧਿਕਾਰੀ ਆਪਣੇ ਦੁਆਰਾ ਪ੍ਰਾਪਤ ਕੀਤੀਆਂ ਬੋਲੀਆਂ ਦੀ ਜਾਂਚ ਕਰੇਗਾ ਅਤੇ ਸੇਵਾ ਪ੍ਰਦਾਤਾ **C1 India PVT LTD 605A**, ਪਤਾ: ਸੀ 1 ਇੰਡੀਆ ਪ੍ਰਾਈ.ਲਿਮ. ਤੀਜੀ ਮੰਜ਼ਿਲ, ਪਲਾਟ ਨੰ. 68, ਸੈਕਟਰ 44 ਗੁੜਗਾਉਂ, ਹਰਿਆਣਾ-122003, ਨੂੰ ਯੋਗ ਬੋਲੀਕਾਰਾਂ (ਜਿਨ੍ਹਾਂ ਨੇ ਆਪਣੀਆਂ ਬੋਲੀਆਂ ਰਿਜ਼ਰਵ ਕੀਮਤ ਤੋਂ ਵੱਧ ਦਿੱਤੀਆਂ ਹਨ ਅਤੇ ਸੁਰੱਖਿਅਤ ਲੈਣਦਾਰ ਨਾਲ ਨਿਰਧਾਰਤ **EMD** ਦਾ ਭੁਗਤਾਨ ਕੀਤਾ ਹੈ) ਦੇ ਵੇਰਵਿਆਂ ਦੀ ਪੁਸ਼ਟੀ ਕਰੇਗਾ ਤਾਂ ਜੋ ਉਹ ਸਿਰਫ਼ ਉਨ੍ਹਾਂ ਬੋਲੀਕਾਰਾਂ ਨੂੰ ਈ-ਨਿਲਾਮੀ ਵਿਕਰੀ ਨੋਟਿਸ ਵਿੱਚ ਦੱਸੀ ਗਈ ਮਿਤੀ ਅਤੇ ਸਮੇਂ 'ਤੇ ਔਨਲਾਈਨ ਅੰਤਰ-ਨਿਲਾਮੀ/ਨਿਲਾਮੀ ਕਾਰਵਾਈ ਵਿੱਚ ਹਿੱਸਾ ਲੈਣ ਦੀ ਆਗਿਆ ਦੇ ਸਕਣ। 11. ਯੋਗ ਬੋਲੀਕਾਰਾਂ ਵਿੱਚ ਅੰਤਰ-ਨਿਲਾਮੀ ਯੋਗਤਾ ਪ੍ਰਾਪਤ ਬੋਲੀਕਾਰਾਂ ਦੁਆਰਾ ਦਰਸਾਈ ਗਈ ਸਭ ਤੋਂ ਉੱਚੀ ਬੋਲੀ ਤੋਂ ਸ਼ੁਰੂ ਹੋਵੇਗੀ। ਅੰਤਰ-ਨਿਲਾਮੀ ਦੀ ਪ੍ਰਕਿਰਿਆ ਦੌਰਾਨ, ਹਰੇਕ '10' ਮਿੰਟਾਂਦਾ ਅਸੀਮਿਤ ਵਾਧਾ ਹੋਵੇਗਾ, ਭਾਵ ਈ-ਨਿਲਾਮੀ ਦਾ ਅੰਤਮ ਸਮਾਂ ਆਪਣੇ ਆਪ ਹਰ ਵਾਰ 10 ਮਿੰਟ ਵਧਾਇਆ ਜਾਵੇਗਾ ਜੇਕਰ ਬੋਲੀ ਆਖਰੀ ਤੋਂ 10 ਮਿੰਟਾਂ ਦੇ ਅੰਦਰ ਕੀਤੀ ਜਾਂਦੀ ਹੈ। ਐਕਸਟੈਂਸ਼ਨ। 12. ਇੱਕ ਵਾਰ ਕੀਤੀਆਂ ਗਈਆਂ ਬੋਲੀਆਂ ਰੱਦ ਜਾਂ ਵਾਪਸ ਨਹੀਂ ਲਈਆਂ ਜਾਣਗੀਆਂ। ਬੋਲੀਕਾਰ ਨੂੰ ਦਿੱਤੀ ਗਈ ਯੂਜ਼ਰ ਆਈਡੀ ਤੋਂ ਕੀਤੀਆਂ ਗਈਆਂ ਸਾਰੀਆਂ ਬੋਲੀਆਂ ਉਸ ਦੁਆਰਾ ਇਕੱਲੇ ਹੀ ਕੀਤੀਆਂ ਗਈਆਂ ਮੰਨੀਆਂ ਜਾਣਗੀਆਂ। 13. ਈ-ਨਿਲਾਮੀ ਕਾਰਵਾਈਆਂ ਦੇ ਬੰਦ ਹੋਣ ਤੋਂ ਤੁਰੰਤ ਬਾਅਦ, ਸਭ ਤੋਂ ਉੱਚਾ ਬੋਲੀਕਾਰ ਆਪਣੇ ਦੁਆਰਾ ਬੋਲੀ ਦੀ ਅੰਤਿਮ ਰਕਮ ਦੀ ਪੁਸ਼ਟੀ ਅਧਿਕਾਰਤ ਅਧਿਕਾਰੀ ਨੂੰ ਉਸਦੀ ਮੇਲ ਆਈਡੀ **auction@hindujahousingfinance.com** 'ਤੇ ਅਤੇ ਸੇਵਾ ਪ੍ਰਦਾਤਾ ਨੂੰ ਈ-ਨਿਲਾਮੀ ਵਿਕਰੀ ਕਾਰਵਾਈਆਂ ਵਿੱਚ ਸਫਲ ਬੋਲੀਕਾਰ ਵਜੋਂ ਘੋਸ਼ਿਤ ਕਰਨ ਲਈ ਈਮੇਲ ਰਾਹੀਂ ਕਰੇਗਾ। 14. ਸਫਲ ਬੋਲੀਕਾਰ ਤੁਰੰਤ ਯਾਨੀ ਉਸੇ ਦਿਨ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ ਨਹੀਂ, ਜਿਵੇਂ ਕਿ ਮਾਮਲਾ ਹੋਵੇ, ਵਿਕਰੀ ਕਰਨ ਵਾਲੇ ਅਧਿਕਾਰਤ ਅਧਿਕਾਰੀ ਨੂੰ ਵਿਕਰੀ ਕੀਮਤ ਦੀ ਰਕਮ ਦਾ 25% ਜਮ੍ਹਾਂ ਕਰਵਾਏਗਾ, ਜਿਸ ਵਿੱਚ ਜਮ੍ਹਾਂ ਕਰਵਾਈ ਗਈ ਬਿਆਨਾ ਰਕਮ, ਜੇਕਰ ਕੋਈ ਹੋਵੇ, ਸ਼ਾਮਲ ਹੈ। ਭੁਗਤਾਨ ਯੋਗ ਖਰੀਦ ਕੀਮਤ ਦੀ ਬਾਕੀ ਰਕਮ ਅਚੱਲ ਜਾਇਦਾਦ ਦੀ ਵਿਕਰੀ ਦੀ ਪੁਸ਼ਟੀ ਦੇ ਪੰਦਰਵੇਂ ਦਿਨ ਜਾਂ ਇਸ ਤੋਂ ਪਹਿਲਾਂ ਹੋਵੇਗੀ। 15. ਨਿਰਧਾਰਤ ਸਮੇਂ ਦੇ ਅੰਦਰ ਸਫਲ ਬੋਲੀਕਾਰ/ਨਿਲਾਮੀ ਖਰੀਦਦਾਰ ਦੁਆਰਾ ਉਪਰੋਕਤ ਨਿਰਧਾਰਤ ਰਕਮਾਂ ਦਾ ਭੁਗਤਾਨ ਕਰਨ ਵਿੱਚ ਡਿਫਾਲਟ ਹੋਣ ਦੀ ਸਥਿਤੀ ਵਿੱਚ, ਵਿਕਰੀ ਰੱਦ ਕਰ ਦਿੱਤੀ ਜਾਵੇਗੀ ਅਤੇ ਪਹਿਲਾਂ ਹੀ ਅਦਾ ਕੀਤੀ ਗਈ ਰਕਮ (ਈਐਮਡੀ ਸਮੇਤ) ਜ਼ਬਤ ਕਰ ਲਈ ਜਾਵੇਗੀ ਅਤੇ ਜਾਇਦਾਦ ਨੂੰ ਦੁਬਾਰਾ ਵਿਕਰੀ ਲਈ ਰੱਖਿਆ ਜਾਵੇਗਾ। 16. ਸਫਲ ਬੋਲੀਕਾਰ ਦੀ ਬੇਨਤੀ 'ਤੇ, ਅਧਿਕਾਰਤ ਅਧਿਕਾਰੀ ਆਪਣੇ ਪੂਰਨ ਵਿਵੇਕ ਨਾਲ ਬੋਲੀ ਦੀ ਰਕਮ ਦੀ ਬਕਾਇਆ ਰਕਮ ਜਮ੍ਹਾ ਕਰਨ ਲਈ ਲਿਖਤੀ ਰੂਪ ਵਿੱਚ ਹੋਰ ਸਮਾਂ ਦੇ ਸਕਦਾ ਹੈ। 17. ਸਫਲ ਬੋਲੀਕਾਰ ਲਾਗੂ ਟੀਡੀਐਸ (ਵਿਕਰੀ ਦੀ ਕਮਾਈ ਵਿੱਚੋਂ) ਦਾ ਭੁਗਤਾਨ ਕਰੇਗਾ ਅਤੇ ਅਧਿਕਾਰਤ ਅਧਿਕਾਰੀ ਨੂੰ ਟੀਡੀਐਸ ਸਰਟੀਫਿਕੇਟ ਜਮ੍ਹਾਂ ਕਰਵਾਏਗਾ। 18. ਵਿਕਰੀ ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਸਫਲ ਬੋਲੀਕਾਰ ਦੁਆਰਾ ਨਗਰਪਾਲਿਕਾ/ਪੰਚਾਇਤ ਟੈਕਸ, ਬਿਜਲੀ ਬਕਾਇਆ (ਜੇ ਕੋਈ ਹੈ) ਅਤੇ ਕੋਈ ਹੋਰ ਅਥਾਰਟੀ ਬਕਾਇਆ (ਜੇ ਕੋਈ ਹੈ) ਦਾ ਭੁਗਤਾਨ ਕਰਨਾ ਪੈਂਦਾ ਹੈ। ਬੋਲੀ ਜਾਇਦਾਦ ਨਾਲ ਸਬੰਧਤ ਸਾਰੇ ਕਾਨੂੰਨੀ ਬਕਾਏ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤੀ ਜਾਵੇਗੀ। 19. ਵਿਕਰੀ ਸਰਟੀਫਿਕੇਟ ਅਧਿਕਾਰਤ ਅਧਿਕਾਰੀ ਦੁਆਰਾ ਸਫਲ ਬੋਲੀਕਾਰ ਦੇ ਹੱਕ ਵਿੱਚ ਪੂਰੀ ਖਰੀਦ ਕੀਮਤ/ਬੋਲੀ ਦੀ ਰਕਮ ਜਮ੍ਹਾ ਕਰਵਾਉਣ ਅਤੇ ਸਾਰੇ ਟੈਕਸਾਂ/ਖਰਚਿਆਂ ਦੇ ਭੁਗਤਾਨ ਦੇ ਸੰਬੰਧ ਵਿੱਚ ਜ਼ਰੂਰੀ ਸਬੂਤ ਪੇਸ਼ ਕਰਨ 'ਤੇ ਹੀ ਜਾਰੀ ਕੀਤਾ ਜਾਵੇਗਾ। 20. ਆਵਾਜਾਈ, ਸਟੈਂਪ ਡਿਊਟੀ, ਰਜਿਸਟਰੇਸ਼ਨ ਖਰਚੇ ਅਤੇ ਹੋਰ ਸੰਭਾਵਿਤ ਖਰਚਿਆਂ ਲਈ ਲਾਗੂ ਕਾਨੂੰਨੀ ਖਰਚੇ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। ਖਰੀਦਦਾਰ। 21. ਅਧਿਕਾਰਤ ਅਧਿਕਾਰੀ ਬਿਨਾਂ ਕੋਈ ਕਾਰਨ ਦੱਸੇ ਈ-ਨਿਲਾਮੀ ਵਿਕਰੀ ਕਾਰਵਾਈ ਨੂੰ ਮੁਲਤਵੀ/ਰੱਦ ਕਰ ਸਕਦਾ ਹੈ। ਜੇਕਰ ਈ-ਨਿਲਾਮੀ ਵਿਕਰੀ ਨਿਰਧਾਰਤ ਵਿਕਰੀ ਦੀ ਮਿਤੀ ਤੋਂ 30 ਦਿਨ ਪਹਿਲਾਂ ਕਿਸੇ ਬਾਅਦ ਦੀ ਮਿਤੀ ਤੱਕ ਮੁਲਤਵੀ ਕੀਤੀ ਜਾਂਦੀ ਹੈ, ਤਾਂ ਇਹ ਸੇਵਾ ਪ੍ਰਦਾਤਾ ਦੀ ਵੈੱਬਸਾਈਟ 'ਤੇ ਪ੍ਰਦਰਸ਼ਿਤ ਕੀਤੀ ਜਾਵੇਗੀ। 22. ਅਧਿਕਾਰਤ ਅਧਿਕਾਰੀ ਦਾ ਫੈਸਲਾ ਅੰਤਿਮ, ਬੰਧਨਕਾਰੀ ਅਤੇ ਨਿਰਵਿਵਾਦ ਹੈ। 23. ਬੋਲੀ ਜਮ੍ਹਾਂ ਕਰਵਾਉਣ ਵਾਲੇ ਸਾਰੇ ਬੋਲੀਕਾਰਾਂ ਨੂੰ ਈ-ਨਿਲਾਮੀ ਵਿਕਰੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ ਅਤੇ ਸਮਝਿਆ ਮੰਨਿਆ ਜਾਵੇਗਾ ਅਤੇ ਉਨ੍ਹਾਂ ਦੁਆਰਾ ਪਾਬੰਦ ਮੰਨਿਆ ਜਾਵੇਗਾ। 24. ਹੋਰ ਵੇਰਵਿਆਂ ਅਤੇ ਪੁੱਛਗਿੱਛਾਂ ਲਈ, ਕਿਰਪਾ ਕਰਕੇ ਅਧਿਕਾਰਤ ਅਧਿਕਾਰੀ, ਸ਼੍ਰੀ ਵਿਸ਼ੇਸ਼ ਚੰਦੋਹਕ, ਮੋਬਾਈਲ ਨੰਬਰ 98780-74330, ਬਰਾਂਚ ਦਫਤਰ: ਹਿੰਦੂਜਾ ਹਾਊਸਿੰਗ ਫਾਈਨੈਂਸ ਲਿਮਟਿਡ, ਸ਼ੋਅਰੂਮ ਨੰ. 1, ਟਾਪ ਫਲੋਰ, ਸਨਰਾਈਜ਼ ਐਨਕਲੇਵ, ਸੈਕਟਰ 127, ਖਰੜ, ਪੰਜਾਬ 140301, ਵਿਖੇ ਸੰਪਰਕ ਕਰੋ। 25. ਇਹ ਉਪਰੋਕਤ ਕਰਜ਼ਾ ਖਾਤੇ ਦੇ ਕਰਜ਼ਦਾਰ/ਮੌਰਗੇਜਰ/ਗਾਰੰਟਰਾਂ ਨੂੰ ਨਿਲਾਮੀ ਕਰਵਾਉਣ ਬਾਰੇ ਸੁਰੱਖਿਆ ਵਿਆਜ (ਇਨਫੋਰਸਮੈਂਟ) ਨਿਯਮ 2002 ਦੇ ਨਿਯਮ 8(6) ਦੇ ਅਨੁਸਾਰ 15 (ਪੰਦਰਾਂ) ਦਿਨਾਂ ਦਾ ਨੋਟਿਸ ਵੀ ਹੈ।

ਮਿਤੀ : 14-09-2026, ਸਥਾਨ : ਪੰਜਾਬ **ਅਧਿਕਾਰਤ ਅਫ਼ਸਰ, ਹਿੰਦੂਜਾ ਹਾਊਸਿੰਗ ਫਾਈਨਾਂਸ ਲਿਮਟਿਡ**

ਵਿਸ਼ੇਸ਼ ਹਦਾਇਤਾਂ/ਸਾਵਧਾਨੀਆਂ: ਬੋਲੀਕਾਰਾਂ ਨੂੰ ਆਪਣੇ ਹਿੱਤ ਵਿੱਚ ਆਖਰੀ ਮਿੰਟਾਂ/ਸਕਿੰਟਾਂ ਵਿੱਚ ਬੋਲੀ ਲਗਾਉਣ ਤੋਂ ਬਚਣਾ ਚਾਹੀਦਾ ਹੈ। ਅਜਿਹੇ ਮਾਮਲਿਆਂ ਵਿੱਚ ਬੋਲੀਕਾਰ ਵੱਲੋਂ ਕਿਸੇ ਵੀ ਤਰ੍ਹਾਂ ਦੀ ਗਲਤੀ/ਅਸਫਲਤਾ (ਇੰਟਰਨੈੱਟ ਫੇਲ੍ਹ ਹੋਣਾ, ਬਿਜਲੀ ਬੰਦ ਹੋਣਾ, ਆਦਿ) ਲਈ ਨਾ ਤਾਂ ਹਿੰਦੂਜਾ ਹਾਊਸਿੰਗ ਫਾਈਨਾਂਸ ਲਿਮਟਿਡ ਅਤੇ ਨਾ ਹੀ ਸੇਵਾ ਪ੍ਰਦਾਤਾ ਜ਼ਿੰਮੇਵਾਰ ਹੋਣਗੇ। ਅਜਿਹੀ ਸੰਭਾਵੀ ਸਥਿਤੀ ਤੋਂ ਬਚਣ ਲਈ, ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਾਰੇ ਜ਼ਰੂਰੀ ਪ੍ਰਬੰਧ/ਵਿਕਲਪ ਜਿਵੇਂ ਕਿ ਬੈਕ-ਅੱਪ ਬਿਜਲੀ ਸਪਲਾਈ ਅਤੇ ਹੋਰ ਜੋ ਵੀ ਜ਼ਰੂਰੀ ਹੋਵੇ, ਕਰਨ ਤਾਂ ਜੋ ਉਹ ਅਜਿਹੀ ਸਥਿਤੀ ਨੂੰ ਟਾਲ ਸਕਣ ਅਤੇ ਨਿਲਾਮੀ ਵਿੱਚ ਸਫਲਤਾਪੂਰਵਕ ਹਿੱਸਾ ਲੈਣ ਦੇ ਯੋਗ ਹੋ ਸਕਣ।

ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
PEGASUS
55-56, ਪੰਜਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ,
ਮੁੰਬਈ-400021, ਫ਼ੋਨ : 022-61884700
ਈਮੇਲ : sys@pegasus-arc.com, URL : www.pegasus-arc.com

ਈ ਨਿਲਾਮੀ ਵਿਕਰੀ ਲਈ ਜਨਤਕ ਸੂਚਨਾ

ਸਕਿਓਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 ਅਧੀਨ ਅਚੱਲ ਸਕਿਓਰਡ ਐਸਟਸ ਦੀ ਵਿਕਰੀ

ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ ਅਤੇ ਗਰੰਟਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਨੇ ਪੇਗਾਸੂਸ 2024 ਟਰੱਸਟ I ('ਪੇਗਾਸੂਸ') ਦੀ ਸਮਰੱਥਾ ਵਜੋਂ ਕੰਮ ਕਰਦਿਆਂ ਇੰਡੀਅਨ ਬੈਂਕ (ਪਹਿਲਾਂ ਅਲਾਹਾਬਾਦ ਬੈਂਕ) ਸਰਫਾਇਸੀ ਐਕਟ, 2002 ਅਤੇ ਇਸ ਦੇ ਰੂਲਜ਼ ਦੀਆਂ ਤਜਵੀਜ਼ਾਂ ਅਧੀਨ ਮਿਤੀ 30.06.2025 ਦੇ ਅਸਾਈਨਮੈਂਟ ਐਗਰੀਮੈਂਟ ਤਹਿਤ 'ਜਿਵੇਂ ਹੈ', 'ਜਿੱਥੇ ਹੈ' ਅਤੇ, 'ਜੋ ਵੀ ਉੱਥੇ ਹੈ' ਦੇ ਆਧਾਰ 'ਤੇ ਹੇਠ ਦਰਸਾਏ ਕਰਜ਼ਦਾਰ ਤੋਂ ਸਮੇਤ ਹੇਠ ਲਿਖੀਆਂ ਸਕਿਓਰਿਟੀਜ਼, ਵਿਆਜ ਸਮੇਤ ਬਕਾਇਆ ਪ੍ਰਾਪਤ ਕਰਨ ਲਈ ਨਿਯੁਕਤ ਕੀਤਾ ਜਾ ਰਿਹਾ ਹੈ।
ਪੇਗਾਸੂਸ ਦੇ ਅਧਿਕਾਰਤ ਅਫ਼ਸਰ ਨੇ ਹੇਠ ਦਰਸਾਈ ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟਸ ਦਾ ਭੌਤਿਕ ਕਬਜਾ 22.02.202 ਨੂੰ ਸਰਫਾਇਸੀ ਐਕਟ ਅਤੇ ਸਰਫਾਇਸੀ ਰੂਲਜ਼ ਦੀਆਂ ਧਾਰਾਵਾਂ ਅਧੀਨ ਲੈ ਲਿਆ ਹੈ। ਨਿਲਾਮੀ ਦੇ ਵੇਰਵੇ ਹੇਠ ਲਿਖੇ ਅਨੁਸਾਰ:

ਕਰਜ਼ਦਾਰ(ਾਂ)/ਸਹਿ ਕਰਜ਼ਦਾਰ(ਾਂ)/ਗਰੰਟਰ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ	1. ਮੈਸ. ਕੁਲਬੀਰ ਸਿੰਘ ਐਂਡ ਸੰਨਜ਼ ਐਚਯੂਐਫ (ਕਰਜ਼ਦਾਰ) 2. ਸ਼੍ਰੀ ਕੁਲਬੀਰ ਸਿੰਘ (ਕਰਤਾ, ਗਿਰਵੀਕਾਰ ਅਤੇ ਗਰੰਟਰ) 3. ਸ਼੍ਰੀ ਤੇਜਿੰਦਰ ਸਿੰਘ (ਗਿਰਵੀਕਰਾਰ ਅਤੇ ਗਰੰਟਰ) 4. ਸ਼੍ਰੀਮਤੀ ਦਮਨਪ੍ਰੀਤ ਕੌਰ (ਗਿਰਵੀਕਰਾਰ ਅਤੇ ਗਾਰੰਟਰ)
ਸਕਿਓਰਡ ਐਸਟ ਜਿਹੜੇ ਵੇਚੇ ਜਾਣ ਲਈ ਬਕਾਇਆ ਰਕਮ	ਰੁ. 2,69,46,050.17/- (ਦੋ ਕਰੋੜ ਉਨੱਤਰ ਲੱਖ ਛਿਆਲੀ ਹਜ਼ਾਰ ਪੰਜਾਹ ਰੁ. ਸਤਾਰਾਂ ਪੈਸੇ ਸਿਰਫ਼) ਮਿਤੀ 10.09.2026 ਨੂੰ ਸਮੇਤ ਅਗਾਊਂ ਵਿਆਜ ਭਾਵ 11.09.2026 ਤੋਂ ਕੰਟਰੈਕਚੁਅਲ ਦਰ ਨਾਲ ਅਤੇ ਲਾਗਤਾਂ, ਚਾਰਜਿਜ਼ ਇਸ 'ਤੇ ਹੋਰ ਖਰਚੇ ਅਦਾਇਗੀ ਅਤੇ ਪ੍ਰਾਪਤੀ ਦੀ ਮਿਤੀ ਤੱਕ।
ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟ ਜਿਹੜੀ ਵੇਚੀ ਜਾਣੀ ਹੈ ਦੇ ਵੇਰਵੇ	ਜਾਇਦਾਦ ਜੋ ਕਿ ਲੌਟ-1 ਦੁਕਾਨ ਨੰ. 8 ਅਤੇ 9 ਮਿਣਤੀ 15-1/4 ਵ.ਗਜ ਜਾਇਦਾਦ ਨੰ. ਬੀ-8-143, ਪਹਿਲੀ ਮੰਜ਼ਿਲ, ਸਥਿਤ ਹੈ ਮੋਚਾਪੁਰਾ ਬਾਜ਼ਾਰ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਵਸੀਕਾ ਨੰ. 13905) ਪੰਜਾਬ, (ਮਲਕੀਅਤ ਅਤੇ ਗਿਰਵੀਕਾਰ ਸ਼੍ਰੀਮਤੀ ਦਮਨਪ੍ਰੀਤ ਕੌਰ) ਲੌਟ-2-ਦੁਕਾਨ ਨੰ. 5 ਅਤੇ 6 ਮਿਣਤੀ 20ਵ.ਗਜ਼, ਜਾਇਦਾਦ ਨੰ. ਬੀ-8-143, ਪਹਿਲੀ ਮੰਜ਼ਿਲ, ਸਥਿਤ ਹੈ ਮੋਚਾਪੁਰਾ ਬਾਜ਼ਾਰ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਵਸੀਕਾ ਨੰ. 20634) ਪੰਜਾਬ, (ਮਲਕੀਅਤ ਅਤੇ ਗਿਰਵੀਕਾਰ ਸ਼੍ਰੀ ਕੁਲਬੀਰ ਸਿੰਘ ਅਤੇ ਸ਼੍ਰੀ ਤੇਜਿੰਦਰ ਸਿੰਘ)
ਰਾਖਵੀਂ ਕੀਮਤ ਜਿਸ ਤੋਂ ਹੇਠਾਂ ਸਕਿਓਰਡ ਐਸਟ ਵੇਚੀ ਨਹੀਂ ਜਾਵੇਗੀ	ਲੌਟ 1- ਰੁ.8,70,000/-(ਅੱਠ ਲੱਖ ਸੱਤਰ ਹਜ਼ਾਰ ਰੁ. ਸਿਰਫ਼) ਲੌਟ 2- ਰੁ. 11,14,100/-(ਗਿਆਰਾਂ ਲੱਖ ਚੌਦਾਂ ਹਜ਼ਾਰ ਇੱਕ ਸੌ ਰੁ. ਸਿਰਫ਼)
ਬਿਆਨਾ ਰਕਮ ਜਮਾਂ	ਲੌਟ 1- ਰੁ.87,000/-(ਅੱਠ ਲੱਖ ਸੱਤਰ ਹਜ਼ਾਰ ਰੁ. ਸਿਰਫ਼) ਲੌਟ 2- ਰੁ. 1,14,100/-(ਇੱਕ ਲੱਖ ਚੌਦਾਂ ਹਜ਼ਾਰ ਇੱਕ ਸੌ ਰੁ. ਸਿਰਫ਼)
ਦਾਅਵਾ ਜੇ ਕੋਈ ਹੈ, ਜਿਹੜਾ ਕਿ ਜਾਇਦਾਦ ਵਿਰੁਧ ਰੱਖਿਆ ਗਿਆ ਅਤੇ ਸਕਿਓਰਡ ਕ੍ਰੈਡੀਟਰ ਦੇ ਕੋਈ ਹੋਰ ਬਕਾਏ ਅਤੇ ਲਾਗਤ	ਪਤਾ ਨਹੀਂ
CERSAI ID	Security ID: 400006389614/400006389615 Asset id: 20006381000 & 200006381001
ਜਾਇਦਾਦ ਦੀ ਪੜਤਾਲ	On30.09.2026. from 11:30 AM to 01:00 PM
ਸੰਪਰਕ ਵਿਅਕਤੀ ਅਤੇ ਫੋਨ ਨੰ.:	1. ਸ਼੍ਰੀ ਰਮੇਸ਼ ਗਿਰੀ (ਅਧਿਕਾਰਤ ਅਫਸਰ) ਮੋਬ.ਨੰ.: 9643468804 ramesh@pegasus-arc.com 2. ਸ਼੍ਰੀ ਦਿਵਾਕਰ ਗਇਲ (ਅਧਿਕਾਰਤ ਅਫਸਰ) ਮੋਬ.ਨੰ.: 8527210544 diwaker@pegasus-arc.com
ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ/ਬੋਲੀ :	08.10.2026 by 05:00 PM.
ਬੋਲੀ ਖੋਲ੍ਹਣ ਦੀ ਮਿਤੀ ਅਤੇ ਸਥਾਨ	09.10.2026 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 1.00 ਵਜੇ ਤੱਕ ਵੈਬਸਾਈਟ (https://sarfaesi.auctiontiger.net) ਰਾਹੀਂ ਈ-ਨਿਲਾਮੀ/ਬੋਡਿੰਗ

ਇਹ ਪ੍ਰਕਾਸ਼ਨਾ ਉਪਰ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਅਧੀਨ ਤੀਹ (30) ਦਿਨਾਂ ਦਾ ਨੋਟਿਸ ਵੀ ਹੈ।
ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ, ਕ੍ਰਿਪਾ ਕਰਕੇ ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ http://www.pegasus-arc.com/assets-to-auction.html ਜਾਂ ਵੈਬਸਾਈਟ https://sarfaesi.auctiontiger.net ਦਾ ਹਵਾਲਾ ਲਓ ਜਾਂ ਸੇਵਾ ਪ੍ਰਦਾਤਾ ਮੈਸ. ਈ ਪ੍ਰੋਕਿਊਰਮੈਂਟ ਟੈਕਨਾਲੋਜੀਜ਼ ਲਿਮ. ਆਕਸ਼ਨ ਟਾਈਗਰ, ਬੋਲੀਕਾਰ ਸੁਪੋਰਟ : 079-68136805/68136837, ਸ਼੍ਰੀ ਰਾਮਪ੍ਰਸਾਦ ਮੋ. ਨੰ. +91 8000023297, ਈਮੇਲ : ramparsad@auctiontiger.net & support@auctiontiger.net 'ਤੇ ਸੰਪਰਕ ਕਰੋ।

ਅਧਿਕਾਰਤ ਅਫ਼ਸਰ
ਪੇਗਾਸੂਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
(ਪੇਗਾਸੂਸ 2024 ਟਰੱਸਟ-I ਦੇ ਟਰੱਸਟੀ)

ਸਥਾਨ : ਲੁਧਿਆਣਾ, ਪੰਜਾਬ
ਮਿਤੀ : 14.09.2026

ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
PEGASUS
55-56, ਪੰਜਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ,
ਮੁੰਬਈ-400021, ਫ਼ੋਨ : 022-61884700
ਈਮੇਲ : sys@pegasus-arc.com, URL : www.pegasus-arc.com

ਈ ਨਿਲਾਮੀ ਵਿਕਰੀ ਲਈ ਜਨਤਕ ਸੂਚਨਾ

ਸਕਿਓਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 ਅਧੀਨ ਅਚੱਲ ਸਕਿਓਰਡ ਐਸਟਸ ਦੀ ਵਿਕਰੀ

ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ ਅਤੇ ਗਰੰਟਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਨੇ ਪੇਗਾਸੂਸ 2024 ਟਰੱਸਟ I ('ਪੇਗਾਸੂਸ') ਦੀ ਸਮਰੱਥਾ ਵਜੋਂ ਕੰਮ ਕਰਦਿਆਂ ਇੰਡੀਅਨ ਬੈਂਕ (ਪਹਿਲਾਂ ਅਲਾਹਾਬਾਦ ਬੈਂਕ) ਸਰਫਾਇਸੀ ਐਕਟ, 2002 ਅਤੇ ਇਸ ਦੇ ਰੂਲਜ਼ ਦੀਆਂ ਤਜਵੀਜ਼ਾਂ ਅਧੀਨ ਮਿਤੀ 30.09.2021 ਦੇ ਅਸਾਈਨਮੈਂਟ ਐਗਰੀਮੈਂਟ ਤਹਿਤ 'ਜਿਵੇਂ ਹੈ', 'ਜਿੱਥੇ ਹੈ' ਅਤੇ, 'ਜੋ ਵੀ ਉੱਥੇ ਹੈ' ਦੇ ਆਧਾਰ 'ਤੇ ਹੇਠ ਦਰਸਾਏ ਕਰਜ਼ਦਾਰ ਤੋਂ ਸਮੇਤ ਹੇਠ ਲਿਖੀਆਂ ਸਕਿਓਰਿਟੀਜ਼, ਵਿਆਜ ਸਮੇਤ ਬਕਾਇਆ ਪ੍ਰਾਪਤ ਕਰਨ ਲਈ ਨਿਯੁਕਤ ਕੀਤਾ ਜਾ ਰਿਹਾ ਹੈ।
ਪੇਗਾਸੂਸ ਦੇ ਅਧਿਕਾਰਤ ਅਫ਼ਸਰ ਨੇ ਹੇਠ ਦਰਸਾਈ ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟਸ ਦਾ ਭੌਤਿਕ ਕਬਜ਼ਾ 29.07.2026 ਨੂੰ ਸਰਫਾਇਸੀ ਐਕਟ ਅਤੇ ਸਰਫਾਇਸੀ ਰੂਲਜ਼ ਦੀਆਂ ਧਾਰਾਵਾਂ ਅਧੀਨ ਲੈ ਲਿਆ ਹੈ। ਨਿਲਾਮੀ ਦੇ ਵੇਰਵੇ ਹੇਠ ਲਿਖੇ ਅਨੁਸਾਰ:

ਕਰਜ਼ਦਾਰ(ਾਂ)/ਸਹਿ ਕਰਜ਼ਦਾਰ(ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ	1. ਲਵਪ੍ਰੀਤ ਸਿੰਘ (ਗਿਰਵੀਕਾਰ) (ਕਾਨੂੰਨੀ ਵਾਰਿਸਾਂ ਰਾਹੀਂ) (ਹੁਣ ਮ੍ਰਿਤਕ) 2. ਸ਼੍ਰੀਮਤੀ ਅਮਰਜੀਤ ਕੌਰ
ਸਕਿਓਰਡ ਐਸਟ ਜਿਹੜੇ ਵੇਚੇ ਜਾਣ ਲਈ ਬਕਾਇਆ ਰਕਮ	ਰੁ. 37,89,909.18/- (ਸੈਂਤੀ ਲੱਖ ਉਨੱਨਵੇਂ ਹਜ਼ਾਰ ਨੌਂ ਸੌ ਨੌ ਰੁ. ਅਠਾਰਾਂ ਪੈਸੇ ਸਿਰਫ਼) ਮਿਤੀ 10.09.2026 ਨੂੰ ਸਮੇਤ ਅਗਾਊਂ ਵਿਆਜ ਭਾਵ 11.09.2026 ਤੋਂ ਕੰਟਰੈਕਚੁਅਲ ਦਰ ਨਾਲ ਅਤੇ ਲਾਗਤਾਂ, ਚਾਰਜਿਜ਼ ਇਸ 'ਤੇ ਹੋਰ ਖਰਚੇ ਅਦਾਇਗੀ ਅਤੇ ਪ੍ਰਾਪਤੀ ਦੀ ਮਿਤੀ ਤੱਕ।
ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟ ਜਿਹੜੀ ਵੇਚੀ ਜਾਣੀ ਹੈ ਦੇ ਵੇਰਵੇ	ਸਾਰੇ ਅਹਿਮ ਅਤੇ ਜ਼ਰੂਰੀ ਹਿੱਸੇ ਪਲਾਟ ਨੰ. 129ਬੀ, ਖਸਰਾ ਨੰ. 1132 ਮਿਨ, ਗਲੀ ਨੰ. 18-ਐਫ, ਗੁਰੂ ਨਾਨਕ ਨਗਰ, ਪਟਿਆਲਾ, ਪੰਜਾਬ 147001, ਰਕਬਾ ਜ਼ਮੀਨ ਰਕਬਾ-100ਵ.ਗਜ਼, (900 ਵ.ਫੁੱਟ) ਉਸਾਰੀ 937ਵ.ਫੁੱਟ।
ਰਾਖਵੀਂ ਕੀਮਤ ਜਿਸ ਤੋਂ ਹੇਠਾਂ ਸਕਿਓਰਡ ਐਸਟ ਵੇਚੀ ਨਹੀਂ ਜਾਵੇਗੀ	ਰੁ. 22,67,000/-(ਬਾਈ ਲੱਖ ਸਤਾਹਟ ਹਜ਼ਾਰ ਰੁ. ਸਿਰਫ਼)
ਬਿਆਨਾ ਰਕਮ ਜਮਾਂ	ਰੁ. 2,26,700/- (ਦੋ ਲੱਖ ਛੱਬੀ ਹਜ਼ਾਰ ਸੱਤ ਸੌ ਰੁ. ਸਿਰਫ਼)
ਦਾਅਵਾ ਜੇ ਕੋਈ ਹੈ, ਜਿਹੜਾ ਕਿ ਜਾਇਦਾਦ ਵਿਰੁਧ ਰੱਖਿਆ ਗਿਆ ਅਤੇ ਸਕਿਓਰਡ ਕ੍ਰੈਡੀਟਰ ਦੇ ਕੋਈ ਹੋਰ ਬਕਾਏ ਅਤੇ ਲਾਗਤ	ਪਤਾ ਨਹੀਂ
CERSAI ID	Security ID: 400034421448 Asset ID: 200034364235
ਜਾਇਦਾਦ ਦੀ ਪੜਤਾਲ	On 22.10.2026. from 11:30 AM to 01:00 PM
ਸੰਪਰਕ ਵਿਅਕਤੀ ਅਤੇ ਫੋਨ ਨੰ.:	1. ਸ਼੍ਰੀ ਰਮੇਸ਼ ਗਿਰੀ (ਅਧਿਕਾਰਤ ਅਫਸਰ) ਮੋਬ.ਨੰ.: 9643468804 ramesh@pegasus-arc.com 2. ਸ਼੍ਰੀ ਦਿਵਾਕਰ ਗਇਲ (ਅਧਿਕਾਰਤ ਅਫਸਰ) ਮੋਬ.ਨੰ.: 8527210544 diwaker@pegasus-arc.com
ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ/ਬੋਲੀ :	27.10.2026 by 05:00 PM.
ਬੋਲੀ ਖੋਲ੍ਹਣ ਦੀ ਮਿਤੀ ਅਤੇ ਸਥਾਨ	28.10.2026 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 1.00 ਵਜੇ ਤੱਕ ਵੈਬਸਾਈਟ (https://sarfaesi.auctiontiger.net) ਰਾਹੀਂ ਈ-ਨਿਲਾਮੀ/ਬੋਡਿੰਗ

ਇਹ ਪ੍ਰਕਾਸ਼ਨਾ ਉਪਰ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਅਧੀਨ ਤੀਹ (30) ਦਿਨਾਂ ਦਾ ਨੋਟਿਸ ਵੀ ਹੈ।
ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ, ਕ੍ਰਿਪਾ ਕਰਕੇ ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ http://www.pegasus-arc.com/assets-to-auction.html ਜਾਂ ਵੈਬਸਾਈਟ https://sarfaesi.auctiontinger.net ਦਾ ਹਵਾਲਾ ਲਓ ਜਾਂ ਸੇਵਾ ਪ੍ਰਦਾਤਾ ਮੈਸ. ਈ ਪ੍ਰੋਕਿਊਰਮੈਂਟ ਟੈਕਨਾਲੋਜੀਜ਼ ਲਿਮ. ਆਕਸ਼ਨ ਟਾਈਗਰ, ਬੋਲੀਕਾਰ ਸੁਪੋਰਟ : 079-68136805/68136837, ਸ਼੍ਰੀ ਰਾਮਪ੍ਰਸਾਦ ਮੋ. ਨੰ. +91 8000023297, ਈਮੇਲ : ramparsad@auctiontiger.net & support@auctiontiger.net 'ਤੇ ਸੰਪਰਕ ਕਰੋ।

ਅਧਿਕਾਰਤ ਅਫ਼ਸਰ
ਪੇਗਾਸੂਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
(ਪੇਗਾਸੂਸ 2024 ਟਰੱਸਟ-I ਦੇ ਟਰੱਸਟੀ)

ਸਥਾਨ : ਪਟਿਆਲਾ, ਪੰਜਾਬ
ਮਿਤੀ : 14.09.2026

ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
PEGASUS
55-56, ਪੰਜਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ,
ਮੁੰਬਈ-400021, ਫ਼ੋਨ : 022-61884700
ਈਮੇਲ : sys@pegasus-arc.com, URL : www.pegasus-arc.com

ਈ ਨਿਲਾਮੀ ਵਿਕਰੀ ਲਈ ਜਨਤਕ ਸੂਚਨਾ

ਸਕਿਓਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 ਅਧੀਨ ਅਚੱਲ ਸਕਿਓਰਡ ਐਸਟਸ ਦੀ ਵਿਕਰੀ

ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ ਅਤੇ ਗਰੰਟਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਨੇ ਪੇਗਾਸੂਸ 2024 ਟਰੱਸਟ I ('ਪੇਗਾਸੂਸ') ਦੀ ਸਮਰੱਥਾ ਵਜੋਂ ਕੰਮ ਕਰਦਿਆਂ ਇੰਡੀਅਨ ਬੈਂਕ (ਪਹਿਲਾਂ ਅਲਾਹਾਬਾਦ ਬੈਂਕ) ਸਰਫਾਇਸੀ ਐਕਟ, 2002 ਅਤੇ ਇਸ ਦੇ ਰੂਲਜ਼ ਦੀਆਂ ਤਜਵੀਜ਼ਾਂ ਅਧੀਨ ਮਿਤੀ 30.09.2021 ਦੇ ਅਸਾਈਨਮੈਂਟ ਐਗਰੀਮੈਂਟ ਤਹਿਤ 'ਜਿਵੇਂ ਹੈ', 'ਜਿੱਥੇ ਹੈ' ਅਤੇ, 'ਜੋ ਵੀ ਉੱਥੇ ਹੈ' ਦੇ ਆਧਾਰ 'ਤੇ ਹੇਠ ਦਰਸਾਏ ਕਰਜ਼ਦਾਰ ਤੋਂ ਸਮੇਤ ਹੇਠ ਲਿਖੀਆਂ ਸਕਿਓਰਿਟੀਜ਼, ਵਿਆਜ ਸਮੇਤ ਬਕਾਇਆ ਪ੍ਰਾਪਤ ਕਰਨ ਲਈ ਨਿਯੁਕਤ ਕੀਤਾ ਜਾ ਰਿਹਾ ਹੈ।
ਪੇਗਾਸੂਸ ਦੇ ਅਧਿਕਾਰਤ ਅਫ਼ਸਰ ਨੇ ਹੇਠ ਦਰਸਾਈ ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟਸ ਦਾ ਭੌਤਿਕ ਕਬਜ਼ਾ 22.11.2018 ਨੂੰ ਸਰਫਾਇਸੀ ਐਕਟ ਅਤੇ ਸਰਫਾਇਸੀ ਰੂਲਜ਼ ਦੀਆਂ ਧਾਰਾਵਾਂ ਅਧੀਨ ਲੈ ਲਿਆ ਹੈ। ਨਿਲਾਮੀ ਦੇ ਵੇਰਵੇ ਹੇਠ ਲਿਖੇ ਅਨੁਸਾਰ:

ਕਰਜ਼ਦਾਰ(ਾਂ)/ਸਹਿ ਕਰਜ਼ਦਾਰ(ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ	1. ਮੈਸ. ਗੁਰੂ ਨਾਨਕ ਟ੍ਰੇਡਿੰਗ ਕੰਪਨੀ (ਕਰਜ਼ਦਾਰ) 2. ਸ਼੍ਰੀ ਅਮਰਜੀਤ ਸਿੰਘ (ਮਾਲਕ/ਗਰੰਟਰ/ਗਿਰਵੀਕਾਰ) 3. ਸ਼੍ਰੀਮਤੀ ਜਸਪ੍ਰੀਤ ਸਿੰਘ (ਗਰੰਟਰ/ਗਿਰਵੀਕਾਰ)
ਸਕਿਓਰਡ ਐਸਟ ਜਿਹੜੇ ਵੇਚੇ ਜਾਣ ਲਈ ਬਕਾਇਆ ਰਕਮ	ਰੁ. 99,91,734.36/- (ਨੜਿੰਨਵੇਂ ਲੱਖ ਇਕਿਆਨਵੇਂ ਹਜ਼ਾਰ ਸੱਤ ਸੌ ਚੌਂਤੀ ਰੁ. ਛੱਤੀ ਪੈਸੇ ਸਿਰਫ਼) ਮਿਤੀ 10.09.2026 ਨੂੰ ਸਮੇਤ ਅਗਾਊਂ ਵਿਆਜ ਭਾਵ 11.09.2026 ਤੋਂ ਕੰਟਰੈਕਚੁਅਲ ਦਰ ਨਾਲ ਅਤੇ ਲਾਗਤਾਂ, ਚਾਰਜਿਜ਼ ਇਸ 'ਤੇ ਹੋਰ ਖਰਚੇ ਅਦਾਇਗੀ ਅਤੇ ਪ੍ਰਾਪਤੀ ਦੀ ਮਿਤੀ ਤੱਕ।
ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟ ਜਿਹੜੀ ਵੇਚੀ ਜਾਣੀ ਹੈ ਦੇ ਵੇਰਵੇ	ਜਾਇਦਾਦ ਜੋ ਕਿ ਸਾਰੇ ਅਹਿਮ ਅਤੇ ਜ਼ਰੂਰੀ ਹਿੱਸੇ ਉਸਰਿਆ ਰਿਹਾਇਸ਼ੀ ਮਕਾਨ ਜੋ ਕਿ ਨੰ. 228, ਮਿਣਤੀ 200ਵ.ਗਜ਼ ਵਿਚ ਸ਼ਾਮਲ ਖਸਰਾ ਨੰ. 139//18/2(5-6),139//13/2/1/1,13/2/2, ਸਥਿਤ ਹੈ ਅਮਰ ਕਲੋਨੀ, ਨੇੜੇ ਪਾਵਰ ਗਰਿੱਡ,ਭਵਾਨੀਗੜ੍ਹ ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ, ਪੰਜਾਬ, ਮਲਕੀਅਤ ਸ਼੍ਰੀ ਅਮਰਜੀਤ ਸਿੰਘ ਅਤੇ ਸ਼੍ਰੀਮਤੀ ਜਸਪ੍ਰੀਤ ਕੌਰ
ਰਾਖਵੀਂ ਕੀਮਤ ਜਿਸ ਤੋਂ ਹੇਠਾਂ ਸਕਿਓਰਡ ਐਸਟ ਵੇਚੀ ਨਹੀਂ ਜਾਵੇਗੀ	ਰੁ. 23,54,000/-(ਤੇਈ ਲੱਖ ਚੁਰੰਜਾ ਹਜ਼ਾਰ ਰੁ. ਸਿਰਫ਼)
ਬਿਆਨਾ ਰਕਮ ਜਮਾਂ	ਰੁ. 2,35,400/- (ਦੋ ਲੱਖ ਪੈਂਤੀ ਹਜ਼ਾਰ ਚਾਰ ਸੌ ਰੁ. ਸਿਰਫ਼)
ਦਾਅਵਾ ਜੇ ਕੋਈ ਹੈ, ਜਿਹੜਾ ਕਿ ਜਾਇਦਾਦ ਵਿਰੁਧ ਰੱਖਿਆ ਗਿਆ ਅਤੇ ਸਕਿਓਰਡ ਕ੍ਰੈਡੀਟਰ ਦੇ ਕੋਈ ਹੋਰ ਬਕਾਏ ਅਤੇ ਲਾਗਤ	ਪਤਾ ਨਹੀਂ
CERSAI ID	Security ID: 400009339776 Asset ID: 200009323362
ਜਾਇਦਾਦ ਦੀ ਪੜਤਾਲ	On 29.09.2026. from 11:30 AM to 01:00 PM
ਸੰਪਰਕ ਵਿਅਕਤੀ ਅਤੇ ਫੋਨ ਨੰ.:	1. ਸ਼੍ਰੀ ਰਮੇਸ਼ ਗਿਰੀ (ਅਧਿਕਾਰਤ ਅਫਸਰ) ਮੋਬ.ਨੰ.: 9643468804 ramesh@pegasus-arc.com 2. ਸ਼੍ਰੀ ਦਿਵਾਕਰ ਗਇਲ (ਅਧਿਕਾਰਤ ਅਫਸਰ) ਮੋਬ.ਨੰ.: 8527210544 diwaker@pegasus-arc.com
ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ/ਬੋਲੀ :	05.10.2026 by 05:00 PM.
ਬੋਲੀ ਖੋਲ੍ਹਣ ਦੀ ਮਿਤੀ ਅਤੇ ਸਥਾਨ	07.10.2026 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 1.00 ਵਜੇ ਤੱਕ ਵੈਬਸਾਈਟ (https://sarfaesi.auctiontiger.net) ਰਾਹੀਂ ਈ-ਨਿਲਾਮੀ/ਬੋਡਿੰਗ

ਇਹ ਪ੍ਰਕਾਸ਼ਨਾ ਉਪਰ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਅਧੀਨ ਤੀਹ (30) ਦਿਨਾਂ ਦਾ ਨੋਟਿਸ ਵੀ ਹੈ।
ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ, ਕ੍ਰਿਪਾ ਕਰਕੇ ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ http://www.pegasus-arc.com/assets-to-auction.html ਜਾਂ ਵੈਬਸਾਈਟ https://sarfaesi.auctiontiger.net ਦਾ ਹਵਾਲਾ ਲਓ ਜਾਂ ਸੇਵਾ ਪ੍ਰਦਾਤਾ ਮੈਸ. ਈ ਪ੍ਰੋਕਿਊਰਮੈਂਟ ਟੈਕਨਾਲੋਜੀਜ਼ ਲਿਮ. ਆਕਸ਼ਨ ਟਾਈਗਰ, ਬੋਲੀਕਾਰ ਸੁਪੋਰਟ : 079-68136805/68136837, ਸ਼੍ਰੀ ਰਾਮਪ੍ਰਸਾਦ ਮੋ. ਨੰ. +91 8000023297, ਈਮੇਲ : ramparsad@auctiontiger.net & support@auctiontiger.net 'ਤੇ ਸੰਪਰਕ ਕਰੋ।

ਅਧਿਕਾਰਤ ਅਫ਼ਸਰ
ਪੇਗਾਸੂਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
(ਪੇਗਾਸੂਸ 2024 ਟਰੱਸਟ-I ਦੇ ਟਰੱਸਟੀ)

ਸਥਾਨ : ਭਵਾਨੀਗੜ੍ਹ, ਸੰਗਰੂਰ, ਪੰਜਾਬ
ਮਿਤੀ : 14.09.2026

Rajinder Singh, Publisher & Printer: printed at Jagjit Publishing Company Private Limited, D-12, Industrial Area, Phase-1, Mohali and Published from Kothi No. 1079, Sector 8-C, Chandigarh. Bhola Singh Preet Dy. News Editor (Responsible for selection of News Under PRB Act) email : spokesmanphoto@gmail.com Phone (Mohali) : +91-172-3047678, 3047683, 3047690 Chd.Office : 0172-4576069. RNI NO. CHA PUN/2005/15875. WPP Postal Regd. No. CHD/108/09-11.